# ਵਰਿਆਮ

ਨਵੰਬਰ [redacted] ੧੯੯੧

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ ॥
ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ ॥

— ਗੁਰੂ ਨਾਨਕ ਦੇਵ ਜੀ

ਜੇ ਤੈਨੂੰ ਤਰਨਾ ਆਉਂਦਾ ਹੈ ਤਾਂ ਵੀ ਤੂੰ ਇਸ ਕਲਾ ਦੀ ਜਾਚ ਉਨ੍ਹਾਂ ਸਿਆਣੇ ਅਤਾਈਆਂ ਕੋਲੋਂ ਸਿਖ ਜੋ ਇਨ੍ਹਾਂ ਘੁਮੰਣਘੇਰਾਂ ਵਿਚੋਂ ਲੰਘੇ ਹਨ ।

ਭਾਵਅਰਥ : ਭਾਈ ਜੋਧ ਸਿੰਘ

Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ


https://archive.org/details/namdhari


**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA


ਵਰਿਆਮ ਨਵੰਬਰ ੧੯੯੧

Sri Satguru Jagjit Singh Ji eLibrary NamdhariElibrary@gmail.com

https://archive.org/details/namdhari

GOLD MEDAL WINNER

(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P to
30 H.P. 3 Phase
Mono Block & Jet Pumps
1/2 H.P.,1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634



FOR
MUSICAL INSTRUMENTS & SPORTS GOODS
—ਸੰਗੀਤ ਦੇ ਹਰ ਪ੍ਰਕਾਰ ਦੇ ਵਧੀਆ ਸਾਜ਼
(Harmonium, Sitar, Violin, Guitar Tabla Etc.)
—ਖੇਡਾਂ ਦੇ ਹਰ ਪ੍ਰਕਾਰ ਦੇ ਵਧੀਆ ਸਾਮਾਨ
(Indoor Games, Educational Games & Skates)
—ਪੇਚ Wood Screws)



Contact :
**Vikram A.S. Enterprises**
Inderprasth, New Railway Road,
Jalandhar-144001 (India)

ਮਿਲੋ :
**ਵਿਕਰਮ ਏ. ਐਸ. ਐਨਟ੍ਰਪ੍ਰਾਈਜ਼ਿਜ਼**
ਇੰਦਰ ਪ੍ਰਸਥ, ਨਵੀਂ ਰੇਲਵੇ ਰੋਡ,
ਜਲੰਧਰ-੧੪੪੦੦੧.



Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office & Resi. 58795

## ਸੱਗੂ ਆਇਰਨ ਇੰਡਸਟਰੀਜ਼

ਪੁਰਾਣੀ ਰਲਵੇ ਰੋਡ, ਜਲਧਰ।

Specialists in :
Sugar Mill Spare, Solvent Plant Spares, Textile Mill Spares
& Distillery Spares

## SAGGU IRON INDUSTRIES

Old Railway Road, JALANDHAR CITY.
Partner : S. Puran Singh Saggu

Phone : 3040
Code : 01824

For Fitting Diesel Engines in
Foreign and Indian Cars bodies Contact

## Amarjit Motor Garage

G.T. Road,
Opp. Jalandhar Octroi Post,
PHAGWARA (Pb.)
Specialists in :
Mercedes Benz Car Repairing

Manufacturers of :
WOODEN & PLY PACKING CASES

## PARTAP PACKERS

B-204, Mansrover Garden,
NEW DEHLI-110015.





Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

**Matharu Engineering Works**

**Sultanpur Road,**
**Near Charbatti Chowk,**
**KAPURTHALA.**
**P.O. Box No. 64,**
Phone : 2027
Partner-S. Swaran Singh Matharu

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ।
ਫੋਨ : 59869

TRADE **OSTER KNIT** MARK

**Top in Fashion Craze Knit**

Manufacturers :
Gents Pullovers, Ladies Cardigon in
Pure Wool and Summer Garments
in Acryl Fabrics

**UDEY KNITWEARS**

**Street No. 3, Jammu Colony,**
**LUDHIANA-3.**
Hello : Off. 36349, 36338, Resi. 32449
Grams : "Udey Knitwears"

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।

*ਅਪਨੀ ਕਿਰਪਾ ਧਾਰੀ*
*ਤਿਨਿ ਸਗਲੀ ਬਾਤ ਸਵਾਰੀ*

Specialists in : 'A' Class Decoration for
Marriages Parties & Govt. Functions

**Namdhari Tent House**

**53, Hamidia Road Near Alpana Talkies,**
**BHOPAL (M.P.)**

ਡੱਬਲ ਬੈਡੱ, ਸੋਫਾ ਸੈਟ, ਡਾਈਨਿੰਗ ਸੈਟ, ਗੋਲ ਮੇਜ਼
ਅਤੇ ਹੋਰ ਫਰਨੀਚਰ ਦੇ ਸਮਾਨ ਵਾਸਤੇ
ਦਰਸ਼ਨ ਦਿਓ

**ਸੂਰਤ ਸਿੰਘ ਐਂਡ ਸਨਜ਼**

ਸਾਹਮਣ ਗੁਰੂ ਰਵੀਦਾਸ ਸਕੂਲ,
ਕਿਸ਼ਨਪੁਰਾ, ਜਲੰਧਰ-੧੪੪੦੦੪.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਨਵੰਬਰ—੧੯੯੧ ਜਿਲਦ—੧੭ ਅੰਕ—੧

ਤਤਕਰਾ

ਅਸਲ ਮਜ਼ਹਬ ਸਿਖੋਂ ਕਾ
—ਮੌਲਵੀ ਗੁਲਾਮ ਭੀਖ ਜਲੰਧਰੀ ੫
ਸਵਾਲ—ਜਸਬੀਰ ਬਿਕਰਮ ੬
ਇਕੋ ਰਾਹ ਪੰਜਾਬੀ ਹੋਣ ਤੇ ਗੌਰਵ
—ਗੁਰਬਖਸ਼ ਸਿੰਘ ਬੰਨੋਆਣਾ ੭
ਸੰਤ ਤਰਨ ਸਿੰਘ ਵਹਿਮੀ ਸਾਹਿਤ ਸਮਾਗਮ ੯
ਤਰਨ ਸਿੰਘ ਵਹਿਮੀ ਦੀ ਸਾਹਿਤਕ ਚੇਤਨਾ
—ਡਾ. ਈਸ਼ਰ ਸਿੰਘ ਤਾਂਘ ੧੦
ਸੰਗਰਾਦ : ਕੋਸ਼ ਸ਼ਬਦ—ਸ. ਸ. ਵਣਜਾਰਾ ਬੇਦੀ ੧੩
ਜੇਸੀ ਓਵਨਜ਼—ਜਸਪਾਲ ਸ਼ੇਤਰਾ ੧੬
ਜਾਣਾ ਕ੍ਰਿਕਟ ਦਾ ਜਹਨਮ ਦੇ ਮੈਦਾਨ ਵਿਚ—ਤ੍ਰੀਸ਼ੰਕੂ ੧੭

ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | ੫.੦੦ | ਰੁਪਏ |
| ਸਾਲਾਨਾ ਚੰਦਾ | ੫੦.੦੦ | ,, |
| ਤਿੰਨ ਸਾਲ ਵਾਸਤੇ | ੧੨੦.੦੦ | ,, |
| ਚਾਰ ਸਾਲ ਵਾਸਤੇ | ੧੭੦.੦੦ | ,, |
| ਪੰਜ ਸਾਲ ਵਾਸਤੇ | ੨੦੦.੦੦ | ,, |
| ਉਮਰ ਭਰ ਵਾਸਤੇ | ੫੦੦.੦੦ | ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ | |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-14401

ਫਨ : ਦਫਤਰ : ੫੭੪੫੬ / ੫੮੨੪੪ ] ਪੀ.ਪੀ.
ਘਰ : ੫੬੨੮੯

# ਅਗਲੀ ਉਡਾਣ

ਵਰਿਆਮ ਸਤਾਰਵੇਂ ਸਾਲ ਵਿਚ ਪਰਵੇਸ਼ ਕਰ ਰਿਹਾ ਹੈ। ਇਸ ਦਾ ਪਿਛਲੇ ੧੬ ਸਾਲਾਂ ਦਾ ਇਤਿਹਾਸ ਪਾਠਕਾਂ ਦੇ ਸਾਹਮਣੇ ਹੈ। ਹੁਣ ਕੋਈ ਵੀ ਗਲ ਇਸ ਦੇ ਜਸ-ਅਪਜਸ ਬਾਰੇ ਕਹਿਣੀ ਬਣਦੀ ਨਹੀਂ। ਸ਼ਾਇਰਾਂ ਅਨੁਸਾਰ ਜੀਵਨ ਵਿਚ ਜੇ ਇਸ਼ਕ ਸ਼ੈਅ ਹੈ ਜਾਂ ਸ਼ਾਡੇ ਇਕ ਸਜਨ ਅਨੁਸਾਰ ਹਰ ਸ਼ੈਅ ਹੈ ਤਾਂ ਇਹ ਪਰਚਾ ਅਤੇ ਪਰਚਾਕਾਰੀ ਸਾਡਾ ਇਸ਼ਕ ਹੀ ਹੈ। ਇਸ਼ਕ ਦੇ ਨਤੀਜੇ ਬਾਰੇ ਅਕਬਰ ਅਲਾਹਾਬਾਦੀ ਦਾ ਸ਼ਿਅਰ ਸਾਡੇ ਮਨੋਭਾਵਾਂ ਦੀ ਤਰਜਮਾਨੀ ਕਰਦਾ ਹੈ

ਕੁਝ ਨਤੀਜਾ ਨਾ ਸਹੀ ਇਸ਼ਕ ਕੀ ਉਮੀਦੋਂ ਕਾ
ਦਿਲ ਤੋ ਬੜ੍ਹਤਾ ਹੈ ਤਬੀਅਤ ਤੋ ਬਹਲ ਜਾਤੀ ਹੈ

ਅਸੀਂ ਸਮਝਦੇ ਹਾਂ ਕਿ ਇਸ ਨੂੰ ਚਲਾਉਣ ਵਾਲੀਆਂ ਸਹਾਇਕ ਸ਼ਕਤੀਆਂ ਅਤੇ ਵਿਅਕਤੀਆਂ ਨੇ ਵੀ ਇਸ ਨੂੰ ਇਸ਼ਕ ਹੀ ਜਾਣਿਆ ਹੈ।

ਜੀਵਨ ਵਿਚ ਵਿਵਸਾਏ ਵਾਸਤੇ ਦੌੜ ਭੱਜ, ਖੋਹ-ਖਿੱਚ, ਸਤ ਅਸੱਤ ਦੇ ਭੇੜ, ਮੋਹ ਮਾਇਆ ਲਾਲਚ ਦੇ ਤਮਾਸ਼ੇ, ਮਾਨ-ਅਪਮਾਨ ਦੀ ਖੇਡ ਅਤੇ ਹੋਰ ਸ਼ਬਦਾਂ ਤੋਂ ਬਾਹਰੀਆਂ ਕਰੂਰਤਾਂ ਵੇਖ ਕੇ ਭਰਥਰੀ ਹਰੀ ਦੀ ਗਲ ਬੜੀ ਚੰਗੀ ਲਗਦੀ ਹੈ।

"ਵਿਧਾਤਾ ਨੇ ਆਪਣੇ ਲਿਲਾਟ ਫਲਕ ਤੇ ਜੋ ਥੋਹੜਾ ਬਹੁਤਾ ਧਨ ਲਿਖ ਦਿਤਾ ਹੈ ਉਹ ਉਸ ਨੂੰ ਰੇਗਿਸਤਾਨ ਵਿਚ ਵੀ ਮਿਲ ਜਾਂਦਾ ਹੈ ਅਤੇ ਇਸ ਤੋਂ ਵੱਧ ਮੇਰੂ ਪਰਬਤ, ਸੋਨੇ ਦੇ ਪਹਾੜ ਉਤੇ ਵੀ ਨਹੀਂ ਮਿਲ ਸਕਦਾ।

ਇਸ ਵਾਸਤੇ ਹੇ ਮਨੁਖ ਧੀਰਜਸ਼ਾਲੀ ਬਣੋ। ਧਨਵਾਨਾਂ ਦੇ ਅਗੇ ਬੇਅਰਥ ਆਪਣੀ ਦੀਨ ਬ੍ਰਿਤੀ ਮਤ ਕਰੋ।

ਵੇਖੋ ਘੜਾ ਖੂਹ ਅਤੇ ਸਮੁੰਦਰ ਵਿਚ ਵੀ ਬਰਾਬਰ ਪਾਣੀ ਗ੍ਰਹਿਣ ਕਰਦਾ ਹੈ।"

ਸਾਡੇ ਬਹੁਤ ਸਾਰੇ ਮਿਹਰਬਾਨ ਹਨ ਜਿਨ੍ਹਾਂ ਇਸ ਇਸ਼ਕ ਵਿਚ ਸਾਡਾ ਸਾਥ ਦਿਤਾ ਹੈ। ਨਾ ਉਹਨਾਂ ਸਾਨੂੰ ਦੀਨ ਸਮਝਿਆ ਅਤੇ ਨਾ ਆਪਣੇ ਆਪ ਨੂੰ ਪ੍ਰਤਿਪਾਲੂ। ਉਹਨਾਂ ਦਾ ਨਾਮ ਲਿਆਂ ਜਾਂ ਨਾ ਲਿਆਂ ਉਹਨਾਂ ਨੂੰ ਕੋਈ ਫਰਕ ਨਹੀਂ ਪਿਆ। ਉਹਨਾ ਦਾ ਧੰਨਵਾਦ ਕਰਨਾ ਵੀ ਓਹਨਾਂ ਨੂੰ ਛੋਟੇ ਕਰਨਾ ਹੈ।

ਏਸ ਤਰ੍ਹਾਂ ਸਮੁੰਦਰ ਦਰਿਆਵਾਂ ਅਤੇ ਖੂਹਾਂ ਵਿਚੋਂ ਜੇ ਘੜਾ ਪਾਣੀ ਵੀ ਪ੍ਰਾਪਤ ਰਿਹਾ ਤਾਂ ਜੀਵਨ ਯਾਤਰਾ ਵਿਚ ਸਹਾਈ ਰਹੇਗਾ ਹੀ।

ਤੁਹਾਡੀਆਂ ਸ਼ੁਭ ਕਾਮਨਾਵਾਂ ਦੇ ਪਰਾਂ ਨਾਲ ਅਸੀਂ ਅਗਲੀ ਉਡਾਣ ਸ਼ੁਰੂ ਕਰ ਰਹੇ ਹਾਂ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਅਸਲ ਮਜ਼੍ਹਬ ਸਿਖੋਂ ਕਾ

—ਮੌਲਵੀ ਗੁਲਾਮ ਭੀਖ ਜਲੰਧਰੀ

ਮੌਲਵੀ ਗੁਲਾਮ ਭੀਖ ਜਲੰਧਰੀ ਆਪਣੀ ਉਰਦੂ ਦੀ ਅਣਛਪੀ ਪੁਸਤਕ ਤਾਰੀਖ ਵਾਕਰੀ ਵਿਚ ੧੪੨ ਤੋਂ ੧੪੮ ਸਫਿਆਂ ਤਕ ਕੂਕਿਆਂ ਸਬੰਧੀ ਇਸ ਤਰ੍ਹਾਂ ਲਿਖਦਾ ਹੈ। ਇਸ ਕਤਾਬ ਨੂੰ ਲਿਖ ਕੇ ਪੂਰੀ ਕਰਨ ਦੀ ਤਾਰੀਖ ਸੰਨ ੧੮੮੨ ਹੈ।

—ਸੰਪਾਦਕ

"ਮੈ ਖੁਦ ਭੈਣੀ ਗਿਆ ਔਰ ਦੇਖਾ। ਕੂਕਿਓਂ ਨੇ ਜੋ ਤਰੀਕ ਅਖਤਿਆਰ ਕੀਆ ਹੈ, ਵੁਹ ਔਰ ਕੁਛ ਨਹੀਂ ਹੈ, ਵੁਹ ਅਸਲ ਮਜ਼੍ਹਬ ਸਿਖੋਂ ਕਾ ਹੀ ਹੈ, ਔਰ ਉਸੇ ਉਨਹੋਂ ਨੇ ਦੋਬਾਰਾ ਰੌਨਕ ਦੀ ਹੈ। ਮੈਲਾਨ ਉਨ ਕੀ ਤਬੀਅਤ ਕਾ ਅਸਲੀ ਰੁਖ ਸਿੱਖ ਮਜ਼੍ਹਬ ਕੀ ਜਾਨਬ ਹੈ, ਪਰ ਉਨ ਕੇ ਤਰੀਕ ਔਰ ਡੇਢ ਲਾਖ ਆਦਮੀਓਂ ਸੇ ਭੀ ਜ਼ਿਆਦਾ ਗਰੋਹ ਕੇ ਇਤਫਾਕ ਸੇ ਯਿਹ ਭੀ ਇਯਾਂ ਹੈ, ਕਿ ਯਿਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਰੀਕ ਪਰ ਚਲਤੇ ਹੈਂ। ਉਨਕੀ ਜੋਲਾਨੀਏ ਤਬਅ, ਸਖਤ ਗੁਜ਼ਰਾਨ, ਨੀਮ ਸ਼ਬੀ ਪੰਚਾਇਤੇਂ ਔਰ ਸਪਾਹੀਯਾਨਾ ਵਜਅ ਕੋ ਦੇਖਕਰ ਗੌਰਮਿੰਟ ਪੰਜਾਬ ਕੀ ਨਜ਼ਰ ਉਨਕੇ ਊਪਰ ਹੁਈ, ਔਰ ਉਨਹੋਂ ਨੇ ਉਨਕੇ ਸਰਗਰੋਹ ਕੋ ਨਿਗਾਹ ਮੇਂ ਰਖਾ ਥਾ।"

"ਨਾਨਕ ਸ਼ਾਹ ਕੀ ਤਰ੍ਹਾਂ ਰਾਮ ਸਿੰਘ ਭੀ ਹਰ ਕੌਮ ਔਰ ਹਰ ਜ਼ਾਤ ਕੇ ਆਦਮੀ ਕੋ ਆਪਣੇ ਮਜ਼ਹਬ ਵਾ ਫਿਰਕੇ ਮੇਂ ਮਿਲਾ ਲੇਤਾ ਰਹਾ। ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਇਨ ਕੂਕਿਓਂ ਮੇਂ ਅਕਸਰ ਨੀਚੀ ਜ਼ਾਤ ਕੇ ਲੋਕ ਮਿਸਲ ਪੰਜਾਬੀ ਜਾਟ, ਔਰ ਚਮਾਰ ਵਗੈਰਾ ਕੇ ਹੈਂ। ਅਕਾਇਦ ਉਨਕੇ ਸਾਫ ਔਰ ਆਸਾਨ ਹੈਂ, ਯਅਨੀ ਬੁਤ ਪ੍ਰਸਤੀ ਕਿਸੀ ਤਰਾ ਕੀ ਜਾਇਜ਼ ਨਹੀਂ। ਕਿਸੀ ਜ਼ਾਤ ਕੀ ਕੈਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਕੋ ਆਪਨਾ ਦੇਵਤਾ ਮਾਨਤੇ ਹੈਂ। ਹਰ ਕਿਸਮ ਕੀ ਬੁਰਾਈ ਕੋ ਗੁਨਾਹ ਜਾਨਤੇ ਹੈਂ। ਚੋਰੀ, ਜ਼ਨਾਕਾਰੀ, ਸ਼ਰਾਬਖੋਰੀ ਔਰ ਕੁਲ ਮੁਸਕਰਾਤੇਫਸਾਦ, ਗੋਸ਼ਤ ਔਰ ਝੂਟ ਉਨ ਕੇ ਕਤਈ ਮਨਅ ਹੈ। ਜੋ ਕੋਈ ਕੂਕਾ ਹੋਤਾ ਹੈ, ਔਰ ਯਿਹ ਮਜ਼੍ਹਬ ਅਖਤਿਆਰ ਕਰਤਾ ਹੈ, ਉਸ ਕੇ ਊਪਰ ਅਤਾਇਤ ਗੁਰੂ ਕੀ, ਔਰ ਪਾਬੰਦੀ ਅਕਾਇਦ ਕੀ ਔਰ ਜਫਾਕਸ਼ੀ ਔਰ ਜਾਨਫਸਾਨੀ ਜਬਰਨ ਲਾਜ਼ਮ ਕਰਾਤੇ ਹੈਂ। ਬੜਾ ਮਕੂਲਾ ਉਨਕਾ ਯਿਹ ਹੈ, "ਮਰਨਾ ਕਬੂਲ ਕਰੋ, ਜੀਨੇ ਕੀ ਖਾਹਸ਼ ਛੋੜੋ, ਆਪਣੇ ਤਈਂ ਖਾਕ ਸਮਝੋ, ਤਬ ਕੂਕਾ ਬਨੋ।" ਕੂਕਿਓਂ ਕਾ ਰੋਜ਼ ਰਾਤ ਕੇ ਤੀਨ ਬਜੇ ਉਠ ਕਰ ਨਹਾਤਾ ਹੋਤਾ ਹੈ, ਔਰ ਨਹਾ ਧੋ ਕਰ ਗਰੰਥ ਕੇ ਅਸ਼ਲੋਕ ਪੜ੍ਹਤੇ ਹੈਂ। ਉਨਕੋ ਤਮਾਮ ਉਮਰ ਨੇਕੀ ਔਰ ਨੇਕਚਲਨੀ ਕੀ ਤਾਕੀਦ ਕੀ ਜਾਤੀ ਹੈ......ਕੂਕਾ ਕੇ ਫਿਰਕੇ ਮੇਂ ਕਿਸੀ ਨੇ ਮੱਕਾਰ ਔਰ ਬਦਇਖਲਾਕ ਕੰਮ ਦੇਖਾ ਹੋਗਾ। ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖਕਰ ਮਅਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ। ਗਾਓਂ ਕੇ ਗਾਓਂ ਔਰ ਮੌਜ਼ਿਆ ਕੇ ਮੌਜ਼ਿਆ ਕੂਕੇ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ, ਜੋ ਮੂਜਦ ਥੇ, ਨੇ ਸਿਲਸਲਾ ਅਰਸ਼ਾਦ ਸ਼ੁਰੂ ਕੀਆ, ਉਨ ਕੋ ਯਿਹ ਨਸੀਬ ਨਾ ਹੂਆ, ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ ਉਨਕੇ ਚੇਲੋਂ ਮੇਂ ਹੋਤਾ। ਉਸਕੇ ਮਜ਼ਹਬ ਕਾ ਅਰੂਜ ਪਿਛਲੇ ਮਸਨਦ ਨਸ਼ੀਨੋਂ ਕੇ ਵਕਤ ਮੇਂ ਹੂਆ ਥਾ। ਇਸ ਮੂਜਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।"

"ਜਬਕਿ ਗੁਰੂ ਕੋ ਕੋਈ ਨਿਆ ਗਸ਼ਤੀ ਹੁਕਮ ਜਾਰੀ ਕਰਨਾ ਮਨਜ਼ੂਰ ਹੋਤਾ ਹੈ, ਤੋ ਵੁਹ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ, ਵੁਹ ਉਸ ਹੁਕਮ ਕੋ ਲੇਕਰ ਜਿਤਨਾ ਉਸ ਸੇ ਦੌੜਾ ਜਾਤਾ ਹੈ, ਖਬਰ ਕਰਤਾ ਹੂਆ ਦੌੜਤਾ ਹੈ, ਔਰ ਫਰਮਾਂਬਰਦਾਰੀ ਆਪਨੇ ਗੁਰੂ ਕੀ ਆਪਨੇ ਉਪਰ ਫਰਜ਼ ਜਾਨਤਾ ਹੈ। ਜਬ ਵੁਹ ਥਕ ਕਰ ਚਲਨੇ ਕੇ ਕਾਬਲ ਨਹੀਂ ਰਹਿਤਾ, ਕਿਸੀ ਦੂਸਰੇ ਕੂਕੇ ਕੋ ਦੇ ਦੇਤਾ ਹੈ। ਜਬ ਵੁਹ ਭੀ ਦੌੜਤਾ ਕੂਕਾਓਂ ਕੋ ਉਸ ਗਸ਼ਤੀ ਹੁਕਮ ਸੇ ਮਤਲਅ ਕਰਤਾ ਹੂਆ ਥਕ ਜਾਤਾ ਹੈ, ਤੋ ਵੁਹ ਭੀ ਕਿਸੀ ਦੂਸਰੇ ਕੂਕੇ ਕੋ ਦੇਤਾ ਹੈ, ਵੁਹ ਭੀ ਇਸੀ ਤਰ੍ਹਾਂ ਅਮਲ ਕਰਤਾ ਹੈ। ਗਰਜ਼ ਇਸ ਤਰ੍ਹਾਂ ਵੁਹ ਹੁਕਮ ਅਜਬ ਸੁਰਅਤ ਕੇ ਸਾਥ ਕੂਕਾਓਂ ਮੇਂ ਪਹੁੰਚ ਜਾਤਾ ਹੈ। ਚੇਲੇ ਉਸ ਕੇ ਰੋਜ਼ ਬਰੋਜ਼ ਜ਼ਿਆਦਾ ਹੋਤੇ ਗਏ, ਔਰ ਬਿਲਾਸ਼ਕ ਇਖਲਾਕ ਉਸਕੇ ਚੇਲੋਂ ਕਾ ਸਿਖੋਂ ਕੀ ਨਿਸਬਤ ਬਿਹਤਰ ਹੋਤਾ ਚਲਾ ਥਾ। ਗਰਜ਼ ਕੂਕਾ ਸਿਖੋਂ ਮੇਂ ਐਸੇ ਹੋ ਗਏ, ਕਿ ਜੈਸੇ ਮੁਸਲਮਾਨੋਂ ਮੇਂ ਵਹਾਬੀ......"



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸਵਾਲ

—ਜਸਬੀਰ ਬਿਕਰਮ

ਤੇਰੇ ਸ਼ਹਿਰ ਦੀਆਂ ਸੜਕਾਂ ਕੰਢੇ ਖੜੇ
ਰੁਖਾਂ ਦੀ ਛਾਂ ਦਾ ਕੱਦ
ਏਨਾ ਛੋਟਾ ਕਿਉਂ ਹੈ ?
ਤੇਰੇ ਘਰ ਦੀ ਦਹਿਲੀਜ਼ ਤੇ ਹੀ
ਮੇਰੇ ਸੁਪਨਿਆਂ ਹੇਠਲੀ ਧਰਤੀ
ਕਿਉਂ ਸਰਕ ਜਾਂਦੀ ਹੈ ?
ਤੇਰੇ ਵਿਹੜੇ ਉਪਰਲੇ ਆਕਾਸ਼ ਵਿੱਚ
ਪੰਛੀਆਂ ਦੇ ਟੁੱਟੇ ਪਰ
ਕਿਉਂ ਉੱਡਦੇ ਰਹਿੰਦੇ ਨੇ ?
ਆ, ਚੁੱਪ ਕਰਕੇ ਦਰਿਆ ਨੂੰ ਅੱਗ ਲਗਾ ਦੇਈਏ
ਦੁਆ ਕਰ
ਖਾਮੋਸ਼ ਹਵਾਵਾਂ ਨੂੰ
ਇਹ ਸੁਆਲ ਕਰਨੇ ਬੰਦ ਕਰ ਦੇਵਾਂ ।

ਹੰਸ ਰਾਜ ਮਹਿਲਾ ਕਾਲਜ, ਜਲੰਧਰ

# ਕਮਲਜੀਤ ਸਿੰਘ ਔਜਲਾ ਸਨਮਾਨ ਅਤੇ ਪੁਸਤਕ ਰਿਲੀਜ਼ ਸਮਾਰੋਹ

ਪੰਜਾਬੀ ਸਾਹਿਤ ਅਕਾਡਮੀ ਦੇ ਲੜੀਵਾਰ ਪ੍ਰੋਗਰਾਮ 'ਸਾਹਿੱਤਕਾਰ ਦੇ ਸਨਮੁੱਖ' ਅਧੀਨ ਕਰਮਜੀਤ ਸਿੰਘ ਔਜਲਾ ਨਾਲ ਮੁਲਾਕਾਤ ਦਾ ਆਯੋਜਨ ੧੩ ਅਕਤੂਬਰ ੧੯੯੧ ਨੂੰ ਪੰਜਾਬੀ ਭਵਨ ਲੁਧਿਆਣੇ ਵਿਚ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿਚ ਡਾਕਟਰ ਆਤਮ ਹਮਰਾਹੀ ਨੇ ਔਜਲਾ ਸਾਹਿਬ ਦਾ ਕਾਵਿ ਚਿੱਤਰ ਪੇਸ਼ ਕੀਤਾ। ਪ੍ਰਧਾਨਗੀ ਡਾਕਟਰ ਐਸ. ਐਸ. ਐਸ. ਜੌਹਲ ਨੇ ਕੀਤੀ। ਜਦ ਕਿ ਮੁੱਖ ਮਹਿਮਾਨ ਬੀਬੀ ਪ੍ਰਕਾਸ਼ ਕੌਰ ਨੇ ਔਜਲਾ ਸਾਹਿਬ ਦੀਆਂ ਅੱਧੀ ਦਰਜਨ ਪੁਸਤਕਾਂ ਵੀ ਰਿਲੀਜ਼ ਕੀਤੀਆਂ। ਜਿਹਨਾਂ ਵਿਚ 'ਕੂੜ ਫਿਰੈ ਪਰਧਾਨੁ', 'ਏਵ ਨਾ ਜੀਵਿਆ ਜਾਏ।' (ਨਾਵਲ), ਸਮੇਂ-ਸਮੇਂ ਦੇ ਰੰਗ, 'ਮੁੜ ਜਾ ਪਿੰਡ ਆਪਣੇ' (ਨਾਟਕ) ਅਤੇ 'ਕਾਫਰ ਤੇ ਫਰਿਸ਼ਤੇ', ਭੰਗ ਦੇ ਭਾੜੇ (ਕਹਾਣੀ ਸੰਗ੍ਰਹਿ) ਸ਼ਾਮਲ ਸਨ। ਇਸ ਪ੍ਰੋਗਰਾਮ ਦੇ ਕਨਵੀਨਰ ਪ੍ਰੋ. ਨਰਿੰਜਨ ਤਸਨੀਮ ਸਨ।

ਡਾ. ਐਸ. ਐਸ. ਜੌਹਲ ਨੇ ਕਰਮਜੀਤ ਸਿੰਘ ਔਜਲਾ ਨੂੰ ਪੰਜਾਬੀ ਸਾਹਿਤ ਅਕਾਡਮੀ ਵਲੋਂ ਸ਼ਾਲ ਭੇਟ ਕੀਤਾ ਅਤੇ ਪੰਜਾਬੀ ਸਾਹਿਤ ਵਿਚ ਵਧੀਆ ਰਚਨਾਵਾਂ ਨਾਲ ਵਾਧਾ ਕਰਨ ਲਈ ਲੇਖਕ ਦੀ ਪ੍ਰਸੰਸਾ ਕੀਤੀ।

ਇਸ ਮੌਕੇ ਤੇ ਡਾ: ਅੱਛਰ ਸਿੰਘ ਕਾਹਲੋਂ ਨੇ ਔਜਲਾ ਸਾਹਿਬ ਦੀਆਂ ਕਹਾਣੀਆਂ ਸਬੰਧੀ, ਡਾ. ਐਸ. ਐਲ. ਸੇਵਕ ਨੇ ਨਾਟਕਾਂ ਸਬੰਧੀ ਅਤੇ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਨੇ ਨਾਵਲਾਂ ਸਬੰਧੀ ਖੋਜ-ਪੱਤਰ ਪੜ੍ਹੇ। ਡਾ. ਪਰਮਿੰਦਰ ਸਿੰਘ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿੱਤੇ ਵਜੋਂ ਕੈਮੀਕਲ ਵਿਗਿਆਨੀ ਹੋਣ ਦੇ ਬਾਵਜੂਦ ਕਰਮਜੀਤ ਸਿੰਘ ਔਜਲਾ ਸਾਹਿਤ ਦੇ ਵੱਖ-ਵੱਖ ਖੇਤਰਾਂ ਵਿਚ ਵਿਚਰ ਰਿਹਾ ਹੈ ਅਤੇ ਆਪਣੀ ਵੱਖਰੀ ਹੋਂਦ ਸਥਾਪਿਤ ਕੀਤੀ ਹੈ। ਇਸ ਅਵਸਰ ਤੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਜਿਵੇਂ ਕਿ ਪ੍ਰੋ. ਐਸ. ਐਸ. ਨਰੂਲਾ, ਗਿਆਨੀ ਸੋਹਨ ਸਿੰਘ ਸ਼ੀਤਲ, ਡਾ: ਆਤਮ ਹਮਰਾਹੀ, ਮਹਿੰਦਰ ਦੀਪ ਗਰੇਵਾਲ, ਅਵਤਾਰ ਸਿੰਘ ਤੂਫਾਨ, ਸ੍ਰੀਮਤੀ ਨਿਰੰਜਨ 'ਅਵਤਾਰ' ਡਾ. ਬਲਵਿੰਦਰ ਸਿੰਘ ਆਦਿ ਤੋਂ ਇਲਾਵਾ ਟੈਲੀਕਮਿਊਨੀਕੇਸ਼ਨ ਦੇ ਜਨਰਲ ਮੈਨਜਰ ਸ੍ਰੀ ਐਚ. ਐਸ. ਸੋਢੀ ਅਤੇ ਲੁਧਿਆਣੇ ਦੇ ਪ੍ਰਸਿੱਧ ਸਨਤਕਾਰ ਸ੍ਰੀ ਵੇਦ ਪ੍ਰਕਾਸ਼ ਜਿੰਦਲ ਵੀ ਉਪਸਥਿਤ ਸਨ।

ਨਰਿੰਜਨ ਤਸਨੀਮ
ਕਨਵੀਨਰ



Sri Satguru Jagjit Singh Ji eLibrary NamdhariElibrary@gmail.com

# ਇਕੋ ਰਾਹ-ਪੰਜਾਬੀ ਹੋਣ 'ਤੇ ਗੌਰਵ

—ਗੁਰਬਖਸ਼ ਸਿੰਘ (ਬੰਨੋਆਣਾ)

ਕਿਸੇ ਵੀ ਭਾਸ਼ਾ ਦੇ ਵਿਕਾਸ-ਵਿਗਾਸ ਲਈ ਅਨੁਸਾਰੀ ਮਾਹੌਲ ਦੀ ਲੋੜ ਹੁੰਦੀ ਹੈ !

ਅਜਿਹੇ ਮਾਹੌਲ ਮੌਜੂਦ ਹੋਵੇ ਤਾਂ ਆਪਣੀ ਭਾਸ਼ਾ ਦੀਆਂ ਪੁਸਤਕਾਂ ਪੜ੍ਹਨ ਦੀ ਰੁਚੀ ਪ੍ਰਫੁਲਤ ਹੁੰਦੀ ਹੈ, ਉਸ ਦੀਆਂ ਅਖਬਾਰਾਂ ਪੜ੍ਹਨ ਨੂੰ ਜੀਅ ਕਰਦਾ ਹੈ, ਉਸ ਵਿਚ ਲਿਖੇ ਗਏ ਡਰਾਮੇ ਵੇਖਣ ਲਈ ਚਾਅ ਉਗਮਦਾ ਤੇ ਪ੍ਰਫੁਲਤ ਹੁੰਦਾ ਹੈ, ਸੱਚੀ ਗੱਲ ਤਾਂ ਇਹ ਹੈ ਕਿ ਮਹੌਲ ਇਹਨਾਂ ਸਭਨਾਂ ਦੇ ਹੋਰ ਵਿਕਾਸ ਅਤੇ ਅਮੀਰੀ ਦਾ ਕਾਰਨ ਬਣਦਾ ਹੈ ।

ਸੋਚਣ ਵਾਲਾ ਸੁਆਲ ਇਹ ਹੈ ਕਿ ਕੀ ਅਸੀਂ ਅਜਿਹੇ ਮਾਹੌਲ ਦੀ ਸਿਰਜਣਾ ਲਈ ਕੁਝ ਕਰਦੇ ਹਾਂ ਜਾਂ ਕਿ ਅਸੀਂ ਇਸ ਗੱਲ ਨੂੰ ਆਪਣੀ ਇਛਿਆ ਤਕ ਹੀ ਸੀਮਤ ਕਰ ਰਖਿਆ ਹੈ ।

ਜਦੋਂ ਸਾਡਾ ਕੋਈ ਪਿਆਰਾ ਸਦੀਵੀ ਵਿਛੋੜਾ ਦੇ ਜਾਂਦਾ ਹੈ ਤਾਂ ਅਸੀਂ ਆਪ ਮੁਹਾਰੇ ਜਿਸ ਭਾਸ਼ਾ ਵਿਚ ਵਿਰ-ਲਾਪ ਕਰਦੇ ਹਾਂ, ਵੈਣ ਪਾਉਂਦੇ ਹਾਂ, ਉਹ ਸਾਡੀ ਮਾਂ-ਬੋਲੀ ਹੁੰਦੀ ਹੈ। ਸਾਡੀ ਧਰਤੀ ਦੀ ਭਾਸ਼ਾ ! ਪੰਜਾਬੀਆਂ ਲਈ ਇਹ ਭਾਸ਼ਾ ਪੰਜਾਬੀ ਹੀ ਹੁੰਦੀ ਹੈ ।

ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਐਨ ਉਹੋ ਭਾਸ਼ਾ ਜਿਹੜੀ ਗ਼ਮ ਅਤੇ ਰੰਜ ਦੀ ਘੜੀ ਸਾਡੀ ਸਭ ਤੋਂ ਵੱਡੀ ਸਾਥਣ, ਸਾਡੇ ਦਰਦ ਅਤੇ ਤੜਪ ਦੇ ਪ੍ਰਗਟਾਅ ਦਾ ਮਾਧਿਅਮ ਹੋ ਨਿਬੜਦੀ ਹੈ, ਖੁਸ਼ੀ ਦਾ ਮੌਕਾ ਆਉਣ ਤੇ ਸਾਡੇ ਵਿਚੋਂ ਬਹੁਤ ਸਾਰੇ ਉਸੇ ਨੂੰ ਵਿਸਾਰ ਦਿੰਦੇ ਹਨ, ਵਿਆਹ-ਸ਼ਾਦੀ ਦਾ, ਬੱਚੇ ਦੇ ਜਨਮ ਦਿਨ ਸਮਾਰੋਹ ਦਾ, ਬੱਚੇ ਦੀ ਸਗਾਈ ਦਾ, ਸੁਆਗਤ ਜਾਂ ਆਸ਼ੀਰਵਾਦ ਸਮਾਰੋਹ ਦਾ ਉਦਘਾਟਨੀ ਸਮਾਗਮ ਦਾ ਸੱਦਾ-ਪੱਤਰ ਭੇਜਣਾ ਹੋਵੇ ਤਾਂ ਝੱਟ ਹੀ ਅਸੀਂ ਅੰਗਰੇਜ਼ੀ ਦੀ ਸ਼ਰਨ ਜਾ ਲੈਂਦੇ ਹਾਂ ਜਾਂ ਕਿਸੇ ਹੋਰ ਭਾਸ਼ਾ ਦੀ ਚਰਨੀ ਜਾ ਲੱਗਦੇ ਹਾਂ, ਸਾਨੂੰ ਇਨ੍ਹਾਂ ਭਾਸ਼ਾਵਾਂ ਨਾਲ ਨਫਰਤ ਨਹੀਂ, ਸਾਨੂੰ ਇਨ੍ਹਾਂ ਭਾਸ਼ਾਵਾਂ ਨੂੰ ਪਿਆਰ ਕਰਨਾ ਚਾਹੀਦਾ ਹੈ, ਇਹਨਾਂ ਦਾ ਸਾਹਿਤ ਪੜ੍ਹਨਾ ਚਾਹੀਦਾ ਹੈ, ਇਹਨਾਂ ਵਿਚ ਰਚੇ ਡਰਾਮੇ ਵੇਖਣੇ ਚਾਹੀਦੇ ਹਨ, ਪਰ ਇਹ ਸਭ ਕੁਝ ਮਾਂ-ਬੋਲੀ ਦੀ ਕੀਮਤ ਉੱਤੇ ਹੋਵੇ ਤਾਂ ਕਿਉਂ ? ਆਪਣੇ ਗ਼ਮਾਂ, ਦਰਦ ਤੇ ਤੜਪ ਦੀ ਭਾਈਵਾਲ ਹੀ ਨਹੀਂ, ਉਸ ਨੂੰ ਪ੍ਰਤੀ-ਬਿੰਬ ਕਰਨ ਵਾਲੀ ਬੋਲੀ ਸਾਡੀਆਂ ਖੁਸ਼ੀਆਂ ਵਿਚ ਸਾਡਾ ਮਾਧਿਅਮ ਕਿਉਂ ਨਾ ਬਣੇ ? ਕੀ ਅਜਿਹੇ ਮੌਕਿਆਂ ਉੱਤੇ ਆਪਣੀ ਇਸ ਬੋਲੀ ਨੂੰ ਪਿੱਠ ਦੇਣਾ ਅਕ੍ਰਿਤਘਣਤਾ ਨਹੀਂ ਅਤੇ ਕੀ ਅਕ੍ਰਿਤ-ਘਣਤਾ ਤੋਂ ਵੱਡਾ ਕੋਈ ਪਾਪ ਹੈ ? ਜਦ ਇਹ ਪਾਪ ਹੀ ਹੈ ਤਾਂ ਫਿਰ ਅਸੀਂ ਇਸ ਦੇ ਭਾਗੀ ਕਿਉਂ ਬਣਦੇ ਹਾਂ ?

ਗੱਲ ਕੇਵਲ ਜਸ਼ਨਾਂ ਦੇ ਸੱਦੇ-ਪੱਤਰ ਹੀ ਆਪਣ ਪਿਆਰੀ ਬੋਲੀ, ਆਪਣੀ ਪੰਜਾਬੀ ਵਿਚ ਜਾਰੀ ਕਰਨ ਦ ਹੀ ਨਹੀਂ ।

ਅਸੀਂ ਤਾਂ ਆਪੋ ਵਿਚ ਗੱਲਬਾਤ ਕਰਨ ਦੇ ਮੌਕੇ ਵ ਆਪਣੀ ਭਾਸ਼ਾ ਨੂੰ ਵਿਸਾਰ ਦਿੰਦੇ ਹਾਂ, ਇਹ ਠੀਕ ਹੈ ਕਿ ਪੰਜਾਬ ਤੋਂ ਬਾਹਰਲੇ ਲੋਕਾਂ ਨਾਲ ਜਾਂ ਇਉਂ ਕਹੋ ਗ਼ੈ ਪੰਜਾਬੀਆਂ ਨਾਲ ਗੱਲਬਾਤ ਕਰਨ ਲਈ ਅੰਗਰੇਜ਼ੀ, ਹਿੰ ਜਾਂ ਕੋਈ ਹੋਰ ਭਾਸ਼ਾ ਸੰਪਰਕ-ਭਾਸ਼ਾ ਹੋ ਸਕਦੀ ਹੈ ਪਰ ਜਦ ਅਸੀਂ ਪੰਜਾਬੀ ਆਪੋ ਵਿਚ ਗੱਲਬਾਤ ਕਰਦੇ ਹਾਂ ਤਾਂ ਅਸ ਆਪਣੀ ਹੀ ਭਾਸ਼ਾ ਨੂੰ ਪਿੱਠ ਕਿਉਂ ਦੇ ਦਿੰਦੇ ਹਾਂ ? ਕੀ ਇ ਸਾਡੀ ਹੀਨ ਭਾਵਨਾ ਦਾ ਪ੍ਰਗਟਾਅ ਨਹੀਂ ਹੁੰਦਾ, ਬੰਗਾ ਵਿਚ ਕਿਸੇ ਸਿਨੇਮੇ ਦੀ ਖਿੜਕੀ ਉੱਤੇ ਚਲੇ ਜਾਵੋ ਜਾਂ ਕਿ ਵੀ ਹੋਰ ਥਾਂ ਚਲੇ ਜਾਵੋ ਤੁਹਾਨੂੰ ਬੰਗਾਲੀ ਬੰਗਲਾ ਬੋਲਦੇ ਬੰਗਲਾ ਵਿਚ ਗੱਲਾਂ ਕਰਦੇ ਹੀ ਮਿਲਣਗੇ। ਸਾਡੇ ਇ ਪੰਜਾਬ ਵਿਚ ਹਰ ਇਕ ਭਾਸ਼ਾ ਦੇ ਬੋਲਣ ਵਾਲੇ ਮਿਲ ਹਨ। ਕਈਆਂ ਨੂੰ ਤਾਂ ਪੈਂਤੀ-ਪੈਂਤੀ ਸਾਲ ਹੋ ਗਏ ਹਨ ਇ ਰਹਿੰਦਿਆਂ ਉਹ ਘਰ ਵਿਚ, ਆਪਣੀ ਭਾਸ਼ਾ-ਬਰਾਦਰੀ ਵਿ ਆਪਣੀ ਹੀ ਬੋਲੀ ਬੋਲਦੇ ਹਨ। ਕੇਵਲ ਆਪਣੀ ਭਾਸ਼ ਬਰਾਦਰੀ ਤੋਂ ਬਾਹਰ ਹੀ ਕਿਸੇ ਸੰਪਰਕ ਭਾਸ਼ਾ ਦੀ ਵਰ ਕਰਦੇ ਹਨ। ਸਾਡੇ ਵਿਚ ਉਹਨਾਂ ਨੂੰ ਅਜਿਹਾ ਕਰ ਵੇਖ ਕੇ ਵੀ ਅਜਿਹਾ ਕਰਨ ਦਾ ਅਹਿਸਾਸ ਕਿਉਂ ਨ ਜਾਗਦਾ ?

ਗੱਲ ਆਪੋ ਵਿਚ ਗੱਲਬਾਤ ਕਰਨ ਦੀ ਵੀ ਨਹੀ ਸਾਡੇ ਸ਼ਹਿਰਾਂ ਵਿਚ ਬਾਜ਼ਾਰਾਂ ਦੇ ਬਾਜ਼ਾਰ ਅਜਿਹੇ ਹਨ, ਲੋ ਦੁਕਾਨਾਂ ਅਜਿਹੀਆਂ ਹਨ ਜਿੱਥੇ ਵੇਚਣ ਵਾਲੇ ਵੀ ਪੰਜਾ ਹੁੰਦੇ ਹਨ, ਖਰੀਦਣ ਵਾਲੇ ਵੀ ਪੰਜਾਬੀ ਹੁੰਦੇ ਹਨ, ਦੁਕਾਨਾਂ ਦੇ ਬੋਰਡ ਅਕਸਰ ਪੰਜਾਬੀ ਦੀ ਥਾਂ ਅੰਗਰੇਜ਼ੀ ਵਿ ਹੁੰਦੇ ਹਨ। ਹੋਰ ਤਾਂ ਹੋਰ ਜਿਹੜੇ ਬੋਰਡ ਇਕ ਤੋਂ ਵ



Sri Satguru Jagjit Singh Ji eLibrary NamdhariElibrary@gmail.com

ਭਾਸ਼ਾਵਾਂ ਵਿਚ ਲਿਖੇ ਹੁੰਦੇ ਹਨ ਉਹਨਾਂ ਉੱਤੇ ਪ੍ਰਥਮ ਥਾਂ ਪੰਜਾਬੀ ਨੂੰ ਨਹੀਂ ਮਿਲੀ ਹੁੰਦੀ ਆਖਰ ਕਿਉਂ ? ਕਿਹੜਾ ਕਹਿਰ ਟੁੱਟ ਪਵੇਗਾ, ਕਿੰਨੇ ਕੁ ਗਾਹਕ ਘਟ ਜਾਣਗੇ ਜੇ ਸਾਡੇ ਬੋਰਡ ਪੰਜਾਬੀ ਵਿਚ ਹੋਣ ? ਫਿਰ ਸਾਡੇ ਬਿੱਲ/ਰਸੀਦਾਂ ਆਦਿ ਪੱਤਰ ਵੀ ਪਜਾਬੀ ਦੀ ਥਾਂ ਕਿਸੇ ਹੋਰ ਬੋਲੀ, ਵਿਸ਼ੇਸ਼ ਕਰਕੇ ਅੰਗਰੇਜ਼ੀ ਵਿਚ ਹੁੰਦੇ ਹਨ, ਜਿਵੇਂ ਅਸੀਂ ਕਿਸੇ ਅੰਗਰੇਜ਼ੀ ਭਾਸ਼ੀ ਦੇਸ਼ ਦੇ ਵਸਣੀਕ ਹੋਈਏ ? ਆਖਰ ਸਾਡੀ ਕੀ ਮਜਬੂਰੀ ਹੈ ਕਿ ਅਸੀਂ ਇੰਜ ਕਰਦੇ ਹਾਂ ?

ਪੰਜਾਬ ਅੰਦਰ ਕਿੰਨੇ ਹੀ ਸਰਕਾਰੀ/ਨੀਮ-ਸਰਕਾਰੀ ਅਦਾਰਿਆਂ ਦੇ ਬੋਰਡ ਪੰਜਾਬੀ ਵਿਚ ਹੁੰਦੇ ਹਨ, ਜਾਂ ਘੱਟੋ-ਘੱਟ ਉਹਨਾਂ ਬੋਰਡਾਂ ਉੱਤੇ ਪ੍ਰਥਮ ਥਾਂ ਪੰਜਾਬੀ ਨੂੰ ਹਾਸਲ ਹੁੰਦੀ ਹੈ। ਇਹ ਸਾਡੀ ਜਾਗਰੂਕਤਾ ਦੀ, ਪੰਜਾਬੀ ਦੇ ਹੱਕੀ ਦਰਜੇ ਲਈ ਸਾਂਝੀ ਤਾਂਘ ਅਤੇ ਘੋਲ ਦੀ ਪ੍ਰਾਪਤੀ ਹੈ, ਪਰ ਜਿਹੜੀ ਗੱਲ ਅਸੀਂ ਸਰਕਾਰ ਨੂੰ ਮੰਨਣ ਲਈ ਮਜ਼ਬੂਰ ਕਰ ਦਿੱਤਾ ਹੈ, ਉਹੋ ਅਸੀਂ ਆਪਣੇ ਕਾਰ-ਵਿਹਾਰ ਵਿਚ ਵੀ ਲਾਗੂ ਕਿਉਂ ਨਾ ਕਰੀਏ ? ਜਦੋਂ ਕੋਈ ਦੂਜਾ ਵੀ ਅਪਰਾਧ ਕਰੇ ਤਾਂ ਸਾਨੂੰ ਦੁੱਖ ਹੁੰਦਾ ਹੈ, ਜਦੋਂ ਅਸੀਂ ਆਪ ਆਪਣੇ ਆਪ ਪ੍ਰਤੀ ਹੀ ਅਪਰਾਧ ਕਰਦੇ ਹਾ ਤਾਂ ਦੁਖੀ ਕਿਉਂ ਨਹੀਂ ਹੁੰਦੇ ?

ਸਾਡੇ ਪੰਜਾਬੀ ਅਖਬਾਰ ਇਸ ਗੱਲ ਦੀ ਸਜ਼ਾ ਭੁਗਤ ਰਹੇ ਹਨ ਕਿ ਇਹਨਾਂ ਨੇ ਪੰਜਾਬੀ ਨੂੰ ਰੀਝ ਤੇ ਖੁਸ਼ੀਆਂ ਦੀ, ਕਾਰ ਤੇ ਵਿਹਾਰ ਦੀ ਬੋਲੀ ਬਨਾਉਣ ਲਈ ਕੋਈ ਸ਼ਕਤੀ-ਸ਼ਾਲੀ ਮੁਹਿੰਮ ਲਾਮਬੰਦ ਨਹੀਂ ਕੀਤੀ, ਜਿੰਨਾ ਇਕ-ਇਕ ਪੰਜਾਬੀ ਅਖਬਾਰ ਛਪਣਾ ਤੇ ਵਿਕਣਾ ਚਾਹੀਦਾ ਹੈ, ਉੱਨੇ ਕੁੱਲ ਮਿਲਾਕੇ ਸਾਰੇ ਪੰਜਾਬੀ ਅਖਬਾਰ ਨਾ ਛਪਦੇ ਹਨ ਨਾ ਵਿਕਦੇ ਹਨ। ਨਿਰਸੰਦੇਹ ਹਾਲ ਦੇ ਸਾਲਾਂ ਵਿਚ ਪੰਜਾਬੀ ਪ੍ਰੈਸ ਨੇ ਵੱਡੀਆਂ ਛਾਲਾਂ ਮਾਰੀਆਂ ਹਨ, ਉਸ ਦੇ ਬਾਵਜੂਦ ਇਹਨਾਂ ਦੀ ਛਪਣ-ਗਿਣਤੀ ਤੇ ਵਿਕਣ-ਗਿਣਤੀ ਬਾਰੇ ਜੋ ਕੁਝ ਅਸੀਂ ਕਿਹਾ ਹੈ ਉਹੋ ਸੱਚ ਹੈ।

ਇਹੋ ਗੱਲ ਸਾਡੇ ਲੇਖਕਾਂ ਅਤੇ ਪ੍ਰਕਾਸ਼ਕਾਂ ਉੱਤੇ ਵੀ ਢੁਕਦੀ ਹੈ।

ਅੱਜ ਥਾਂ-ਥਾਂ ਲੇਖਕ ਸਭਾਵਾਂ, ਸਾਹਿਤ ਸਭਾਵਾਂ, ਪਾਠਕ ਲੇਖਕ ਮੰਚ ਮੌਜੂਦ ਹਨ। ਇਹ ਬਹੁਤ ਵਧੀਆ ਸਮਾਗਮ ਕਰਦੇ ਹਨ, ਗੋਸ਼ਟੀਆਂ ਕਰਵਾਂਦੇ ਹਨ, ਕਿਤਾਬਾਂ ਜਾਰੀ ਕਰਨ ਦੇ ਸਮਾਰੋਹ ਕਰਦੇ ਹਨ, ਪਰ ਇਸ ਗੱਲ ਲਈ ਭੁਲ-ਭੁਲੇਖੇ ਹੀ ਕੋਈ ਮੁਹਿੰਮ ਲਾਮਬੰਦ ਕਰਦੇ ਹਨ ਕਿ ਪੰਜਾਬੀ ਨੇ ਰੀਝਾਂ ਦੇ ਪ੍ਰਗਟਾਅ ਤੇ ਕਾਰ-ਵਿਹਾਰ ਦਾ ਮਾਧਿਅਮ ਬਣਾਇਆ ਜਾਵੇ।

ਇਹ ਇਸ ਗੱਲ ਦਾ ਸਬੂਤ ਹੈ ਕਿ ਸਾਡੇ ਵਿਚ ਅਜਿਹੇ ਲੋਕ ਮੌਜੂਦ ਹਨ ਜਿਹਨਾਂ ਵਿਚ ਪੰਜਾਬੀ ਹੋਣ 'ਤੇ ਗੌਰਵ ਹੋਣ ਦਾ ਅਹਿਸਾਸ ਨਹੀਂ, ਜਾਂ ਓਨਾ ਨਹੀਂ ਜਿੰਨਾ ਹੋਣਾ ਚਾਹੀਦਾ ਹੈ।

ਗੁਸਤਾਖ਼ੀ ਮੁਆਫ ! ਜਿਹੜਾ ਸੰਤਾਪ ਅਸੀਂ ਅੱਜ ਭੋਗ ਰਹੇ ਹਾਂ, ਉਸ ਦਾ ਇਕ ਵੱਡਾ ਕਾਰਨ ਖੁਦ ਪੰਜਾਬੀਆਂ ਦੇ ਇਕ ਹਿੱਸੇ ਵਿਚ ਪੰਜਾਬੀ ਹੋਣ ਉੱਤੇ ਗੌਰਵ ਦੇ ਅਹਿਸਾਸ ਦੀ ਘਾਟ ਹੈ ਅਤੇ ਇਸ ਘਾਟ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਦੋਖੀ ਲਾਭ ਉਠਾਉਂਦੇ ਹਨ। ਬਹੁਤ ਨੁਕ-ਸਾਨ ਹੋ ਚੁਕਿਆ ਹੈ। ਇਸ ਅਹਿਸਾਸ ਦੀ ਘਾਟ ਦਾ ! ਜੇ ਇਹ ਅਹਿਸਾਸ ਪਰਬਲ ਹੁੰਦਾ ਤਾਂ ਕੌਣ ਜੰਮਿਆ ਸੀ ਜੋ ੧੯੪੭ ਵਿਚ ਪੰਜਾਬ ਨੂੰ ਕੱਟ ਵੱਢ ਸਕਦਾ। ਜੇ ਇਹ ਅਹਿਸਾਸ ਪਰਬਲ ਹੁੰਦਾ ਤਾਂ ਕਿਸ ਨੂੰ ਹਿੰਮਤ ਪੈਣੀ ਸੀ। ਆਜ਼ਾਦ ਹਿੰਦੁਸਤਾਨ ਵਿਚ ਹੀ ਸਾਡੇ ਕੋਲੋਂ ਪੰਜਾਬੀ ਬੋਲਦੇ ਇਲਾਕੇ ਖੋਹ ਲੈਣ ਦੀ ? ਜੇ ਇਹ ਅਹਿਸਾਸ ਮਜ਼ਬੂਤ ਹੁੰਦਾ ਤਾਂ ਕੌਣ ਰੋਕ ਸਕਦਾ ਸੀ ਪੰਜਾਬ ਨੂੰ ਪੰਜਾਬ ਵਿਚ ਹੀ ਆਪਣਾ ਹੱਕੀ ਸਥਾਨ ਮਿਲਣ ਤੋਂ ?

ਠੀਕ ਹੈ ਇਸ ਅਹਿਸਾਸ ਦੀ ਅਣਹੋਂਦ ਨਹੀਂ। ਜੇ ਅਜਿਹਾ ਹੁੰਦਾ ਤਾਂ ਅਸੀਂ ਹੁਣ ਤਕ ਜਿਹੜੀਆਂ ਗੌਰਵਮਈ ਮੱਲਾਂ ਮਾਰੀਆਂ ਹਨ, ਉਹ ਨਾ ਮਾਰੀਆਂ ਹੁੰਦੀਆਂ। ਪਰ ਇਸ ਦੇ ਨਾਲ ਹੀ ਸੱਚ ਇਹ ਵੀ ਹੈ ਕਿ ਜੇ ਇਹ ਅਹਿਸਾਸ ਸਰਬ ਸਾਂਝਾ ਤੇ ਵਿਆਪਕ ਹੁੰਦਾ ਤਾਂ ਸਾਡੀਆਂ ਮੱਲਾਂ ਕਿਤੇ ਵੱਧ ਸ਼ਾਨਦਾਰ ਹੁੰਦੀਆਂ ਅਤੇ ਸਾਨੂੰ ਉਹ ਅਪਮਾਨ ਨਾ ਭੋਗਣੇ ਪੈਂਦੇ ਜਿਨ੍ਹਾਂ ਦਾ ਅਸੀਂ ਉਪਰ ਜ਼ਿਕਰ ਕੀਤਾ ਹੈ, ਸਾਨੂੰ ਉਹਨਾਂ ਸੰਤਾਪਾਂ ਦਾ ਸ਼ਿਕਾਰ ਨਾ ਹੋਣਾ ਪੈਂਦਾ ਜਿਨ੍ਹਾਂ ਦਾ ਪਿਛਲੇ ਖਾਰਾਂ ਸਾਲਾਂ ਤੋਂ ਸਾਨੂੰ ਹੋਣਾ ਪੈ ਰਿਹਾ ਹੈ।

ਸਰਕਾਰ ਤੋਂ ਮੰਗਾਂ ਮਨਵਾਉਣ ਲਈ ਘੋਲ ਦੀ ਆਪਣੀ ਮਹੱਤਤਾ ਹੈ। ਅਸੀਂ ਇਸ ਨੂੰ ਛੁਟਿਆ ਕੇ ਨਹੀਂ ਦੇਖਦੇ। ਪਰ ਜੇ ਅਸੀਂ ਆਪਣੇ ਜ਼ਾਤੀ ਜੀਵਨ ਵਿਚ ਆਪਣੇ ਕਾਰ-ਵਿਹਾਰ ਵਿਚ, ਆਪਣੇ ਬੱਚਿਆਂ ਦੀ ਸਿੱਖਿਆ-ਦੀਖਿਆ ਵਿਚ ਪੰਜਾਬੀ ਨੂੰ ਯੋਗ ਥਾਂ ਦਈਏ ਤਾਂ ਇਸ ਨਾਲ ਪੰਜਾਬੀ ਹੋਣ ਉੱਤੇ ਗੌਰਵ ਦਾ ਅਹਿਸਾਸ ਵਿਆਪਕ ਤੇ ਮਜ਼ਬੂਤ ਹੋਵੇਗਾ, ਇਹ ਗੱਲ ਪੰਜਾਬੀ ਦੇ ਹੱਕੀ ਸਥਾਨ ਲਈ ਘੋਲ ਨੂੰ ਮਜ਼ਬੂਤੀ ਬਖਸ਼ੇਗੀ, ਇਹਦੀ ਜਿੱਤ ਨੂੰ ਨੇੜੇ ਲਿਆ-ਵੇਗੀ ਅਤੇ ਪੰਜਾਬ ਵਿਚ ਪੰਜਾਬੀ ਅਤੇ ਪੰਜਾਬੀਅਤ ਦੇ ਬੋਲ ਬਾਲੇ ਲਈ ਰਾਹ ਪਧਰਾਏਗੀ ਨਹੀਂ ਤਾਂ ਜੋ ਅੜੇਗਾ, ਸੋ ਝੜੇਗਾ।



Sri Satguru Jagjit Singh Ji eLibrary NamdhariElibrary@gmail.com

# ਸੰਤ ਤਰਨ ਸਿੰਘ ਵਹਿਮੀ ਸਾਹਿਤ ਸਮਾਗਮ



ਸੰਤ ਤਰਨ ਸਿੰਘ ਵਹਿਮੀ



ਮਹੰਤ ਆਤਮਾ ਸਿੰਘ ਸਨਖਤਰਵੀ ਸਨਮਾਨਤ ਸਾਹਿਤਕਾਰ

ਨਾਮਧਾਰੀ ਪੰਥ ਦੇ ਕੌਮੀ ਕਵੀ ਕਈ ਸਾਹਿਤਕ ਇਤਿਹਾਸਕ ਗਰੰਥਾਂ ਦੇ ਲੇਖਕ ਸ੍ਰੀਮਾਨ ਸੰਤ ਤਰਨ ਸਿੰਘ ਵਹਿਮੀ ਦੇ ੯੦ਵੇਂ ਜਨਮ ਦਿਨ ਤੇ ਸਾਲਾਨਾ ਸਾਹਿਤਕ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ੧੭ ਨਵੰਬਰ ੧੯੯੧ ਨੂੰ ਯੁਵਕ ਸਾਹਿਤ ਸਦਨ ਸਰਸਾ ਵਿਖੇ ਕੀਤਾ ਗਿਆ। ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਆਯੋਜਿਤ ਇਸ ਸਮਾਗਮ ਦੀ ਪ੍ਰਧਾਨਗੀ ਰਾਜ ਸਭਾ ਦੇ ਪ੍ਰਸਿੱਧ ਮੈਂਬਰ ਸ: ਹਰਵਿੰਦਰ ਸਿੰਘ ਹੰਸਪਾਲ ਜਨਰਲ ਸਕੱਤਰ ਨਾਮਧਾਰੀ ਦਰਬਾਰ ਨੇ ਕੀਤੀ। ਇਸ ਅਵਸਰ ਤੇ ਇਕ ਪੰਜਾਬੀ ਕਵੀ ਦਰਬਾਰ ਵੀ ਹੋਇਆ ਅਤੇ ਪ੍ਰਸਿੱਧ ਸਾਹਿਤਕ ਲੇਖਕ ਅਤੇ ਸਿਖਿਆ ਸ਼ਾਸਤਰੀ ਡਾ: ਈਸ਼ਰ ਸਿੰਘ ਤਾਂਘ ਦਾ ਲਿਖਿਆ ਪਰਚਾ ਤਰਨ ਸਿੰਘ ਵਹਿਮੀ ਦੀ ਸਾਹਿਤਕ ਚੇਤਨਾ ਪੜ੍ਹਿਆ ਗਿਆ।

ਇਹ ਪਰਚਾ ਵਰਿਆਮ ਦੇ ਇਸੇ ਅੰਕ ਵਿਚ ਸੰਪੂਰਨ ਰੂਪ 'ਚ ਪ੍ਰਕਾਸ਼ਿਤ ਹੈ) ਪਿਛਲੇ ਸਾਲ ਤੋਂ ਸਾਹਿਤ ਸਭਾ ਵਲ[illegible] ਤਰਨ ਸਿੰਘ ਵਹਿਮੀ ਸਾਹਿਤ ਸਨਮਾਨ ਜਾਰੀ ਕੀਤਾ ਗਿਆ ਹੈ ਜੋ ਇਸ ਵਾਰ ਸਤਿਯੁਗ ਦੇ ੨੨ ਸਾਲਾਂ ਤਕ ਰ[illegible] ਸੰਪਾਦਕ ਮਹੰਤ ਆਤਮਾ ਸਿੰਘ ਜੀ ਨੂੰ ਦਿਤਾ। ਸਤਿਗੁ[illegible] ਜੀ ਦੇ ਪਾਵਨ ਕਰ ਕਮਲਾਂ ਦੁਆਰਾ ਕੀਤੇ ਇਸ ਸਨਮਾ[illegible] ਵਿਚ ਇਕ ਸਨਮਾਨ ਤਸ਼ਤਰੀ ਇਕ ਸ਼ਾਲ, ੧੧੦੦ [illegible] ਨਕਦ ਅਤੇ ਪੁਸਤਕਾਂ ਸ਼ਾਮਲ ਸਨ। ਮਹੰਤ ਆਤਮਾ ਸਿੰ[illegible] ਬਾਰੇ ਜੀਵਨ ਵੇਰਵਾ ਜਗਦੀਸ਼ ਸਿੰਘ ਸੰਪਾਦਕ ਵਰਿਆ[illegible] ਨੇ ਸੁਣਾਇਆ ਅਤੇ ਉਹਨਾਂ ਦੀ ਲੰਮੀ ਸਾਹਿਤਕ ਘਾਲਣਾ [illegible] ਚਰਚਾ ਕੀਤਾ। ਸ: ਹਰਵਿੰਦਰ ਸਿੰਘ ਹੰਸਪਾਲ ਨੇ ਆਪ[illegible] ਭਾਸ਼ਨ ਵਿਚ ਕਿਹਾ ਕਿ ਇਹ ਕੰਮ ਸਾਡੇ ਕਰਨ ਵਾਲਾ [illegible] ਜੋ ਸਾਹਿਤ ਸਭਾ ਕਰ ਰਹੀ ਹੈ। ਸਤਿਗੁਰੂ ਜੀ ਨੇ ਆਪ[illegible] ਪਰਵਚਨ ਵਿਚ ਕਿਹਾ ਕਿ ਮੈਂ ਅਜ ਸਾਹਿਤਕਾਰਾਂ ਵਿਚ ਬੈ[illegible] ਕੇ ਬਹੁਤ ਖੁਸ਼ ਹੋਇਆ ਹਾਂ। ਅਸੀਂ ਛੋਟੇ ਹੁੰਦੇ ਵਹਿਮੀ [illegible]



Sri Satguru Jagjit Singh Ji eLibrary NamdhariElibrary@gmail.com

ਦੇ ਅੱਖਰ ਪੜ੍ਹ ਪੜ੍ਹ ਕੇ ਕੰਪੋਜ਼ ਕਰਦੇ ਹੁੰਦੇ ਸੀ ਜੋ ਪੜ੍ਹਨ ਵਿਚ ਮੁਸ਼ਕਲ ਹੁੰਦੇ ਸੀ, ਉਹਨਾਂ ਦੇ ਸਪੁਤਰਾਂ ਸਾਧੂ ਸਿੰਘ ਕਿਸਾਨ ਬਲੀ ਸਿੰਘ ਹੋਰਾਂ ਬਹੁਤ ਕੰਮ ਕੀਤਾ । ਛਪਾਈ ਦਾ ਬੋਝ ਘਰਦਿਆਂ ਤੇ ਪਿਆ । ਉਹਨਾਂ ਦੇ ਸਪੁਤਰ ਗੁਰਮੁਖ ਸਿੰਘ ਹੋਰਾਂ ਵੀ ਬਾਕੀ ਹਿੱਸੇ ਦੇ ਛਪਵਾਉਣ ਲਈ ਬਹੁਤ ਧੀਰਜ ਨਾਲ ਮਿਹਨਤ ਕੀਤੀ ਹੈ । ਇਕ ਇਕ ਅੱਖਰ ਮੁੜ ਕੇ ਲਿਖਣ ਲਿਖਵਾਉਣ ਵਾਸਤੇ ਉਹਨਾਂ ਸਾਥ ਦਿੱਤਾ । ਸੰਤ ਤਰਨ ਸਿੰਘ ਹੋਰਾਂ ਮੀਲ ਪੱਥਰ ਗੱਢ ਦਿੱਤਾ । ਰੰਗ ਵਿਚ ਭਿਝ ਕੇ ਲਿਖਿਆ ਹੈ । ਸਾਨੂੰ ਚਾਹੀਦੇ ਗੋਸ਼ਟੀਆਂ ਵਿਚ ਇਕੱਠੇ ਹੋਈਏ ਪਖਪਾਤ ਵਿਚ ਨਾ ਪੈ ਜਾਈਏ, ਝੂਠ ਨਾ ਲਿਖੀਏ ।

ਇਸ ਤੋਂ ਪਹਿਲਾਂ ਜੱਸ ਜੀਵਨ ਗਰੰਥ ਦੇ ਨਵੇਂ ਛਪੇ ਚੌਥੇ ਭਾਗ ਦਾ ਨਗਰ ਅਭਿਨੰਦਨ ਕੀਤਾ ਗਿਆ । ਇਹ ਭਾਗ ਸ: ਹੰਸਪਾਲ ਜੀ ਨੇ ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਤ ਕੀਤਾ ਹੈ ਅਤੇ ਹੋਰ ਵੀ ਭਾਗ ਛਪਾਈ ਅਧੀਨ ਹੈ । ਇਸ ਦੀ ਇਕ ਕਾਪੀ ਸਤਿਗੁਰੂ ਜੀ ਨੇ ਡਾ: ਤਾਂਘ ਨੂੰ ਬਖਸ਼ਿਸ਼ ਕੀਤੀ ।

ਸਨਖਤਰਵੀ ਜੀ ਨੇ ਆਪਣੇ ਭਾਸ਼ਨ ਵਿਚ ਨਿਮਰਤਾ ਸਹਿਤ ਕਿਹਾ ਕਿ ਮੈਨੂੰ ਤਾਂ ਸਾਹਿਤ ਜਗਤ ਵਿਚ ਕੋਈ ਜਾਣਦਾ ਨਹੀਂ ਸੀ ਇਹਨਾਂ ਪਤਾ ਨਹੀਂ ਮੈਨੂੰ ਕਿਉਂ ਸਨਮਾਨ ਦਿੱਤਾ ਹੈ । ਉਹਨਾਂ ਕਿਹਾ ਕਿ ਇਹ ਸਭ ਸਤਿਗੁਰੂ ਜੀ ਦੀ ਕ੍ਰਿਪਾ ਹੈ ।

ਸ: ਸਾਧੂ ਸਿੰਘ ਕਿਸਾਨ ਨੇ ਬੜੇ ਭਾਵਨਾ ਭਰੇ ਸ਼ਬਦਾਂ ਵਿਚ ਧੰਨਵਾਦ ਕਰਦਿਆਂ ਕਿਹਾ ਸਤਿਗੁਰੂ ਜੀ ਅਪਾਰ ਬਖਸ਼ਿਸ਼ ਕਰਕੇ ਇਸ ਸਮਾਗਮ ਨੂੰ ਆਸ਼ੀਰਵਾਦ ਬਖਸ਼ੀ ਹੈ ਮੇਰੇ ਪਾਸ ਧੰਨਵਾਦ ਵਾਸਤੇ ਉਹ ਸ਼ਬਦ ਨਹੀਂ ਹਨ ।

ਇਸ ਸਮਾਗਮ ਵਿਚ ਕਵਿਤਾ ਦੇ ਰੂਪ ਵਿਚ ਜਾਂ ਵਿਖਿਆਨਾਂ ਰਾਹੀਂ ਬਹੁਤ ਸਾਰੇ ਵਿਅਕਤੀਆਂ ਨੇ ਵਿਚਾਰ ਅਰਪਿਤ ਕੀਤੇ । ਕਈਆਂ ਨੂੰ ਛੋਟੇ ਮੋਮੈਂਟੋ ਦੇ ਵੀ ਨਿਵਾਜਿਆ ਗਿਆ । ਭਰਪੂਰ ਪੰਡਾਲ ਵਿਚ ਸਾਹਿਤ ਜਗਤ ਦੇ ਬਹੁਤ ਪਹਿਚਾਨੇ ਨਾਮ ਵੀ ਸਨ । ਮਾਸਟਰ ਨਿਹਾਲ ਸਿੰਘ ਜੀ, ਡਾ: ਈਸ਼ਰ ਸਿੰਘ ਤਾਂਘ, ਪ੍ਰੋ. ਪ੍ਰੀਤਮ ਸਿੰਘ ਰਾਹੀ, ਜਾਗੀਰ ਸਿੰਘ ਜਗਤਾਰ ਬਰਨਾਲਾ, ਸੀ. ਜੀ. ਡੀ. ਚੌਧਰੀ ਦਿਲਬਰ ਹਰੀ ਸਿੰਘ, ਪ੍ਰਿੰਸੀਪਲ ਅਜੀਤ ਸਿੰਘ ਚੀਮਾ, ਸ: ਜਸਵਿੰਦਰ ਸਿੰਘ ਦਿਲੀ, ਸਵਰਨ ਸਿੰਘ ਵਿਰਕ, ਬਲਵੰਤ ਸਿੰਘ ਕਰੀਵਾਲਾ, ਸ: ਰਾਜ ਸਿੰਘ ਸਰਪੰਚ ਸ੍ਰੀ ਸੁਰਿੰਦਰ ਵਰਮਾ, ਜਗਰਾਜ ਸਿੰਘ ਧੌਲਾ, ਪੰਜਾਬ ਸਿੰਘ ਅਣੋਖ ਸਿੰਘ ਜਖਮੀ, ਮਾਸਟਰ ਅਮਰੀਕ ਸਿੰਘ, ਜੁਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਪ੍ਰੀਤ (ਪ੍ਰਧਾਨ ਸਭਾ) ਬਲਵੰਤ ਸਿੰਘ ਆਦਿ । ਇਸ ਤੋਂ ਇਲਾਵਾ ਸ਼ਹਿਰ ਤੇ ਇਲਾਕੇ ਤੇ ਭਾਰੀ ਗਿਣਤੀ ਵਿਚ ਲੋਕ ਸ਼ਾਮਲ ਹੋਏ ।

# ਤਰਨ ਸਿੰਘ ਵਹਿਮੀ ਦੀ ਸਾਹਿਤਕ ਚੇਤਨਾ

**○ ਡਾ. ਈਸ਼ਰ ਸਿੰਘ ਤਾਂਘ**

ਜੀਵਨ ਦੇ ਦੋ ਪ੍ਰਮੁਖ ਪਹਿਲੂ ਹਨ—ਸਰੀਰ ਅਤੇ ਆਤਮਾ । ਇਹ ਦੋਵੇਂ ਪਹਿਲੂ ਮਨੁਖ ਦੀ ਸੋਚ ਦਾ ਕੇਂਦਰ ਹਨ ਅਤੇ ਸਾਹਿਤ ਵਿਚ ਇਨ੍ਹਾਂ ਦੋਹਾਂ ਪਹਿਲੂਆਂ ਦੀ ਪ੍ਰਧਾਨਤਾ ਚਲੀ ਆ ਰਹੀ ਹੈ । ਸੰਤ ਤਰਨ ਸਿੰਘ ਵਹਿਮੀ ਦੀ ਸਾਹਿਤਕ ਚੇਤਨਾ ਦਾ ਕੇਂਦਰ ਅੰਤਰਮੁਖੀ ਜਾਂ ਆਤਮਕ ਹੈ । ਇਸੇ ਲਈ ਉਨ੍ਹਾਂ ਦੀਆਂ ਕਿਰਤਾਂ ਵਿਚ ਆਤਮਕ/ਅਧਿਆਤਮਕ ਪੱਖਾਂ ਨਾਲ ਜੁੜੇ ਵਿਚਾਰਾਂ, ਕੇਂਦਰਾਂ, ਵਿਅਕਤੀਆਂ ਦਾ ਸ਼ਰਧਾ-ਪੂਰਨ ਵਰਨਣ ਹੋਇਆ ਹੈ । ਆਧੁਨਿਕ ਕਾਲ ਨੂੰ, ਭਾਵੇਂ ਗਿਆਨ-ਵਿਗਿਆਨ ਦਾ ਕਾਲ ਮੰਨ ਕੇ ਦਵੰਦਾਤਮਕ ਪਦਾਰਥਵਾਦੀ ਸੰਘਰਸ਼ ਅਤੇ ਮਾਨਸਿਕ ਪੀੜ ਦੀ ਅਨੁਭੂਤੀ ਨੂੰ ਪਹਿਲ ਦਿੱਤੀ ਜਾਣ ਲੱਗ ਪਈ ਹੈ, ਪਰ ਇਸ ਸਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ, ਕਿ ਜੀਵਨ ਦੇ ਆਦਰਸ਼ ਪਹਿਲੂਆਂ ਨਾਲ ਜੁੜੀ, ਮਹਾਂਪੁਰਖਾਂ ਦੀ ਸੰਗਤ ਨਾਲ ਪਰਵਾਨ ਚੜ੍ਹੀ ਅਤੇ ਆਤਮਕ ਬੁਲੰਦੀਆਂ ਤਕ ਪਹੁੰਚੀ ਸੋਚ ਨੂੰ ਮਨੁਖ ਦੀ ਜ਼ਿੰਦਗੀ ਵਿਚੋਂ ਖਾਰਜ ਨਹੀਂ ਕੀਤਾ ਜਾ ਸਕਦਾ ।

ਸੰਤ ਤਰਨ ਸਿੰਘ ਵਹਿਮੀ ਨਾਮਧਾਰੀ ਪੰਥ ਦੇ ਇਕ ਅਜਿਹੇ ਹਸਤਾਖਰ ਹਨ, ਜਿਨ੍ਹਾਂ ਨੇ ਕਵਿਤਾ, ਖੋਜ, ਅਤੇ ਵਾਰਤਕ ਦੇ ਮੈਦਾਨ ਵਿਚ ਸੋਲਾਂ ਗ੍ਰੰਥਾਂ ਦੀ ਰਚਨਾ ਕੀਤੀ ਹੈ । ਉਨ੍ਹਾਂ ਦੀ ਕਵਿਤਾ ਅਤੇ ਵਾਰਤਕ ਵਿਚ ਅਜਿਹੀਆਂ ਵਿਲੱਖਣ ਵਿਸ਼ੇਸ਼ਤਾਵਾਂ ਹਨ, ਜਿਹੜੀਆਂ ਇਨ੍ਹਾਂ ਪੁਸਤਕਾਂ ਦੇ ਗੰਭੀਰ ਅਧਿਐਨ ਦੀ ਮੰਗ ਕਰਦੀਆਂ ਹਨ ।

ਮੂਲ ਰੂਪ ਵਿਚ ਵਹਿਮੀ ਜੀ ਆਤਮਕ ਜੀਵਨ ਤੋਂ ਪ੍ਰੇਰਿਤ ਹੋ ਕੇ ਧਰਮ ਅਤੇ ਆਦਰਸ਼ ਨਾਲ ਜੁੜੇ ਵਿਸ਼ਿਆਂ ਦੇ ਸੁਚੇਤ ਸਾਹਿਤਕਾਰ ਹਨ । ਉਨ੍ਹਾਂ ਦੀਆਂ ਕੁਝ ਪੁਸਤਕਾਂ ਦੇ ਵਿਸ਼ੇ ਕੇਵਲ ਇਤਿਹਾਸ ਨਾਲ ਜੁੜੇ ਹੋਏ ਹੀ ਨਹੀਂ, ਸਗੋਂ ਅੱਗੇ ਚਲ ਕੇ ਇਤਿਹਾਸ ਬਣਨ ਦੀ ਯੋਗਤਾ ਵੀ ਰਖਦੇ ਹਨ ਅਤੇ ਇਹ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ।

ਧਾਰਮਕ ਸਾਹਿਤ ਦੀ ਇਕ ਹੋਰ ਵਿਸ਼ੇਸ਼ਤਾ ਸ਼ਰਧਾ ਦੀ ਭਾਵਨਾ ਹੁੰਦੀ ਹੈ ਅਤੇ ਵਹਿਮੀ ਜੀ ਨੇ ਇਤਿਹਾਸਕ ਪ੍ਰਸੰਗਾਂ ਨੂੰ ਪ੍ਰਮਾਣਾਂ ਸਹਿਤ ਪੇਸ਼ ਕਰਨ ਸਮੇਂ ਸ਼ਰਧਾ, ਵਿਸ਼ਵਾਸ, ਆਦਰ, ਸਨਮਾਨ ਦੀ ਭਾਵਨਾ ਨੂੰ ਬਰਕਰਾਰ ਰਖਿਆ ਹੈ ।

ਲੇਖਕ ਦੀ ਵਾਰਤਕ, ਭਾਵੇਂ ਉਹ ਖੋਜ-ਕਾਰਜਾਂ ਨਾਲ ਜੁੜੀ ਹੋਵੇ, ਜਾਂ ਗੁਰੂ ਦੀ ਮਹਿਮਾ ਨੂੰ ਬਿਆਨ ਕਰਦੀ ਹੋਵੇ—



Sri Satguru Jagjit Singh Ji eLibrary NamdhariElibrary@gmail.com

ਹਰ ਹਾਲਤ ਵਿਚ ਸਪਸ਼ਟ ਅਤੇ ਅਸਰ-ਅੰਦਾਜ਼ ਹੈ । ਪੰਜਾਬੀ ਸਾਹਿਤ ਵਿਚ ਸਾਖੀ ਸਾਹਿਤ ਦੀ ਇਕ ਪਰੰਪਰਾ ਮੌਜੂਦ ਹੈ । ਇਸ ਵਿਚ ਵਾਰਤਕ, ਕਵਿਤਾ ਦੀ ਵਰਤੋਂ ਦੇ ਮਿਲੇ-ਜੁਲੇ ਯਤਨ ਹੁੰਦੇ ਹਨ । ਸਾਖੀ ਸਾਹਿਤ ਮੌਖਿਕ, ਲਿਖਿਤ, ਲੋਕ-ਪ੍ਰਚਲਤ ਹਵਾਲਿਆਂ, ਵਿਸ਼ਵਾਸਾਂ ਨੂੰ ਵਰਤ ਕੇ ਗੁਰੂ-ਜੀਵਨ ਦੀ ਉਸਾਰੀ ਕਰਨ ਸਮੇਂ ਜਿਹੜੇ ਸਾਧਨਾਂ ਨੂੰ ਵਰਤਿਆ ਹੈ, ਉਸ ਵਿਚ ਨਿਕਟ-ਸੰਬੰਧਾਂ ਦਾ ਸਾਧਨ ਵੀ ਸ਼ਾਮਲ ਹੈ, ਜਿਸ ਦੇ ਕਾਰਣ ਇਕ ਪਾਸੇ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਵੀ ਬਣੀ ਰਹੀ ਹੈ, ਅਤੇ ਦੂਜੇ ਪਾਸੇ ਉਨ੍ਹਾਂ ਦੀ ਮਹਾਨਤਾ ਵੀ ਸਥਾਪਤ ਹੋਈ ਹੈ । ਇਹ ਰਚਨਾ ਸਤਿਗੁਰ ਪ੍ਰਤਾਪ ਸਿੰਘ ਦੀ ਮਹਿਮਾ, ਮਹਾਨਤਾ ਦਾ ਅੱਖੀਂ ਡਿੱਠਾ, ਕੰਨੀਂ ਸੁਣਿਆ ਇਤਿਹਾਸ ਹੈ । ਜਿਸ ਨਾਲ ਜਸ-ਜੀਵਨ ਇਕ ਅਜਿਹਾ ਪ੍ਰਮਾਣਕ ਗ੍ਰੰਥ ਬਣ ਗਿਆ ਹੈ, ਜਿਹੜਾ ਮਹਾਂਪੁਰਖਾਂ, ਗੁਰੂਆਂ ਬਾਰੇ ਲਿਖੇ ਸਾਹਿਤ ਵਿਚ ਬਹੁਤ ਘੱਟ ਮਿਲਦਾ ਹੈ । ਇਹ ਗ੍ਰੰਥ ਪਾਠਕਾਂ ਅੰਦਰ ਇਕ ਅਜਿਹੀ ਚੇਤਨਾ ਪੈਦਾ ਕਰਦਾ ਹੈ, ਜਿਹੜੀ ਉਨ੍ਹਾਂ ਲਈ ਪ੍ਰੇਰਿਕ ਸਿੱਧ ਹੁੰਦੀ ਹੈ । ਇਸ ਰਚਨਾ ਵਿਚ ਬਹੁਤ ਸਾਰੇ ਅਜਿਹੇ ਨੁਕਤੇ ਹਨ, ਹਵਾਲੇ ਹਨ, ਪ੍ਰਮਾਣ ਹਨ, ਜਿਹੜੇ ਕਾਲਾਂਤਰ ਵਿਚ ਖੋਜ ਦਾ ਵਿਸ਼ਾ ਬਣਨ ਦੀ ਸਮਰੱਥਾ ਰਖਦੇ ਹਨ ।

ਵਹਿਮੀ ਜੀ ਨੇ ਘਟਨਾਵਾਂ, ਕਥਾਵਾਂ, ਪ੍ਰਸੰਗਾਂ ਨੂੰ ਸੰਗ੍ਰਹਿ ਕਰਨ ਅਤੇ ਫਿਰ ਉਨ੍ਹਾਂ ਨੂੰ ਇਕ ਤਰਤੀਬ ਦੇ ਕੇ ਸ਼ਬਦਾਂ ਰਾਹੀਂ ਪੇਸ਼ ਕਰਨ ਵਿਚ ਜਿਹੜੀ ਇਕ-ਸੁਰਤਾ ਪੈਦਾ ਕੀਤੀ ਹੈ, ਉਸ ਤੋਂ ਪਤਾ ਚਲਦਾ ਹੈ, ਕਿ ਲੇਖਕ ਦਾ ਆਪਣੇ ਵਿਸ਼ੇ ਅਤੇ ਉਦੇਸ਼ ਨਾਲ ਨਿਕਟ ਸੰਬੰਧ ਹੈ । ਇਹ ਸੰਬੰਧ ਇਕ ਪਾਸੇ ਉਸ ਦੀ ਸੇਵਾ ਬਿਰਤੀ ਦਾ ਪ੍ਰਤੀਕ ਹੈ, ਤਾਂ ਦੂਜੇ ਪਾਸੇ ਘਟਨਾਵਾਂ ਅਤੇ ਸਾਕਿਆਂ ਦੇ ਵੇਰਵਿਆਂ ਦਾ ਪ੍ਰਮਾਣੀਕਰਨ ਵੀ ਹੈ । ਸ਼ਰਧਾ ਅਤੇ ਪ੍ਰਮਾਣਿਕਤਾ ਦੇ ਨਾਲ-ਨਾਲ ਜਦੋਂ ਲੇਖਕ ਗੁਰਬਾਣੀ ਦੀਆਂ ਤੁਕਾਂ ਨੂੰ ਪ੍ਰਸੰਗ ਅਨੁਸਾਰ ਵਰਤਦਾ ਹੈ, ਤਾਂ ਉਸ ਦਾ ਗੁਰਬਾਣੀ ਦੇ ਡੂੰਘੇ ਅਧਿਐਨ ਦਾ ਅਹਿਸਾਸ ਵੀ ਜਾਗਦਾ ਹੈ । ਮੈਂ ਸਮਝਦਾ ਹਾਂ ਜਸਜੀਵਨ ਇਕ ਅਜਿਹਾ ਇਤਿਹਾਸਕ ਗ੍ਰੰਥ ਹੈ, ਜਿਹੜਾ ਨਾਮਧਾਰੀ ਪੰਥ ਦੀਆਂ ਪ੍ਰਮੁਖ ਅਤੇ ਸਮਕਾਲੀ ਸ਼ਖਸੀਅਤਾਂ ਦੇ ਜੀਵਨ, ਫਲਸਫੇ, ਸਿਧਾਂਤ ਅਤੇ ਵਿਚਾਰ-ਧਾਰਾ ਦਾ ਇਤਿਹਾਸ ਹੈ । ਇਸ ਲਈ ਇਸ ਰਚਨਾ ਨੂੰ ਜੀਵਨੀ ਸਾਹਿਤ ਦੇ ਨਾਲ-ਨਾਲ ਇਤਿਹਾਸਕ ਕਿਰਤ ਦੇ ਕ੍ਰਮ ਵਿਚ ਰਖਿਆ ਜਾ ਸਕਦਾ ਹੈ ।

ਜਸ-ਜੀਵਨ ਵਿਚ ਲੇਖਕ ਨੇ ਇਕ ਹੋਰ ਸਾਹਿਤ-ਰੂਪ ਨੂੰ ਵੀ ਸਾਂਭਿਆ ਹੈ, ਜਿਸ ਨੂੰ 'ਹੁਕਮਨਾਮਾ' ਕਿਹਾ ਜਾਂਦਾ ਹੈ । ਗੁਰੂ ਪਰੰਪਰਾ ਵਿਚ ਆਪਣੀਆਂ ਸੰਗਤਾਂ ਨੂੰ ਸਮੇਂ-ਸਮੇਂ ਹੁਕਮਨਾਮੇ ਲਿਖ ਕੇ ਭੇਜਣ ਦੀ ਇਤਿਹਾਸਕ ਗਵਾਹੀ ਮਿਲਦੀ ਹੈ । ਲੇਖਕ ਨੇ ਇਸ ਪਰੰਪਰਾ ਨੂੰ ਮੌਜੂਦਾ ਸਦੀ ਤਕ ਫੈਲਾਇਆ ਹੈ । ਇਸ ਤਰ੍ਹਾਂ ਇਹ ਪਰੰਪਰਾ ਮਧ ਕਾਲ ਤੋਂ ਆਧੁਨਿਕ ਕਾਲ ਤਕ ਫੈਲ ਗਈ ਹੈ ।

ਜਸ-ਜੀਵਨ ਇਕ ਅਜਿਹਾ ਇਤਿਹਾਸਕ ਭੰਡਾਰ ਹੈ, ਜਿਹੜਾ ਨਾਮਧਾਰੀ ਲਹਿਰ, ਉਸ ਦੀ ਵਿਚਾਰ-ਧਾਰਾ ਅਤੇ ਉਸ ਦੀ ਚੇਤਨਾ ਦਾ ਭਰੋਸੇ ਯੋਗ ਗ੍ਰੰਥ ਹੈ । ਇਹ ਰਚਨਾ ਬੋਲੀ, ਸ਼ੈਲੀ ਅਤੇ ਅਭਿਵਿਅਕਤੀ ਪੱਖੋਂ ਵੀ ਮਹੱਤਵਪੂਰਨ ਹੈ ਅਤੇ ਲੇਖਕ ਦੀ ਭਾਸ਼ਾਈ ਅਮੀਰੀ ਅਤੇ ਉਸ ਦੇ ਪ੍ਰਗਟਾਵੇ ਦੇ ਅੰਦਾਜ਼ ਦਾ ਸੂਚਕ ਹੈ ।

ਤਰਨ ਸਿੰਘ ਵਹਿਮੀ, ਨਾਮਧਾਰੀ ਚਿੰਤਨ ਦੇ ਪ੍ਰਤੀਬੱਧ ਲੇਖਕ ਹੋਣ ਕਾਰਣ ਆਪਣੀ ਵਿਚਾਰਧਾਰਾ ਨੂੰ ਸਪਸ਼ਟ ਸ਼ਬਦਾਂ ਵਿਚ ਬਿਆਨ ਕਰਨ ਦੇ ਸਮਰੱਥ ਹਨ । ਅਜਿਹਾ ਕਰਨ ਲਈ ਉਹ ਪ੍ਰਚਲਤ ਹਵਾਲਿਆਂ, ਲਿਖਤਾਂ ਦਾ ਤਰਕਪੂਰਨ ਖੰਡਨ ਕਰ ਕੇ ਆਪਣੇ ਵਿਚਾਰ ਨੂੰ ਦਲੀਲ ਨਾਲ ਸਿੱਧ ਕਰਨ ਵਲ ਰੁਚਿਤ ਰਹਿੰਦੇ ਹਨ । ਵਹਿਮੀ ਨੇ 'ਸਚਹੁ ਉਰੈ ਸਭੁਕੋ', ਅਤੇ 'ਨੰਦੇੜੋਂ ਬਾਦ ਦਸਮ ਗੁਰਦਰਸ਼ਨ' ਪੁਸਤਕਾਂ ਦੀ ਰਚਨਾ ਸਮੇਂ ਖੰਡਨ-ਮੰਡਲ ਦੀ ਪੁਰਾਤਨ ਪੱਧਤੀ ਨੂੰ ਵਰਤਿਆ ਹੈ । ਇਨ੍ਹਾਂ ਲਿਖਤਾਂ ਵਿਚ ਵਹਿਮੀ ਨੇ ਆਪਣੇ ਵਿਸ਼ੇ ਅਤੇ ਉਸ ਦੇ ਉਦੇਸ਼ ਨਾਲ ਸੰਬੰਧਤ ਉਹ ਸਾਰੇ ਪ੍ਰਮਾਣ, ਹਵਾਲੇ, ਇਤਿ-ਹਾਸਕ ਟੂਕਾਂ, ਲੋਕ-ਵਿਸ਼ਵਾਸਾਂ, ਲੋਕ-ਕਥਨਾਂ ਅਤੇ ਮਿੱਥਾਂ ਨੂੰ ਵਰਤਿਆ ਹੈ, ਜਿਹੜੇ ਸ਼ਰਧਾਲੂਆਂ ਅਤੇ ਪਾਠਕਾਂ ਅੰਦਰ ਆਸਥਾ ਤੇ ਸ਼ਰਧਾ ਨੂੰ ਪ੍ਰਪੱਕ ਕਰਦੇ ਹਨ ।

ਵਹਿਮੀ ਜੀ ਦੀਆਂ ਇਤਿਹਾਸਕ ਕਿਰਤਾਂ ਤੋਂ ਇਲਾਵਾ ਇਕ ਹੋਰ ਪੱਖ ਹੈ, ਜਿਸ ਨੂੰ ਅਸੀਂ ਸਾਹਿਤਕ ਖੇਤਰ ਨਾਲ ਜੋੜ ਕੇ ਸਮਝ ਸਕਦੇ ਹਾਂ । ਇਹ ਉਹ ਪਹਿਲੂ ਹੈ, ਜਿਸ ਨਾਲ ਵਹਿਮੀ ਜੀ ਦੀ ਥਾਂ ਪੰਜਾਬੀ ਕਿੱਸਾਕਾਰੀ ਨਾਲ ਜਾ ਜੁੜਦੀ ਹੈ । ਮੱਧਕਾਲ ਵਿਚ ਕਿੱਸਿਆਂ ਦੀ ਰਚਨਾ ਦਾ ਜਿਹੜਾ ਸਿਲਸਿਲਾ ਆਰੰਭ ਹੋਇਆ, ਉਸ ਦਾ ਦੂਜਾ ਸਿਰਾ ਸੂਬਾ ਸਿੰਘ ਦੀ 'ਹੀਰ' ਹੈ, ਪਰ ਵਹਿਮੀ ਜੀ ਰਚਿਤ 'ਸੋਰਠ-ਬੀਜਾ' ਅਤੇ ਹੋਰ ਪ੍ਰੇਮ-ਕਥਾਵਾਂ ਵਿਚ ਕਿੱਸਾ-ਸਾਹਿਤ ਲਈ ਜਿਹੜੇ ਨਵੇਂ ਕਥਾਨਕ ਤਲਾਸ਼ ਕੀਤੇ ਹਨ, ਉਨ੍ਹਾਂ ਦੀ ਮਹੱਤਾ ਅਨੇਕ ਪੱਖੀ ਹੈ । 'ਸੋਰਠ-ਬੀਜਾ' ਨਾਂ ਦੇ ਕਿੱਸੇ ਦੀ ਹੋਂਦ ਬਾਰੇ ਭਾਈ ਗੁਰਦਾਸ ਨੇ ਹਾਮੀ ਭਰੀ ਹੈ, ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ ਦੋ ਪੰਗਤੀਆਂ ਦੀ ਸਾਧਾਰਨ ਜਿਹੀ



Sri Satguru Jagjit Singh Ji eLibrary NamdhariElibrary@gmail.com

ਕਥਾ ਦਾ ਜ਼ਿਕਰ ਕੀਤਾ ਹੈ। ਬਸ! ਇਤਨਾ ਕੁਝ ਹੀ ਇਸ ਕਿੱਸੇ ਬਾਰੇ ਉਪਲਬਧ ਸੀ। ਵਹਿਮੀ ਜੀ ਨੇ ਇਸ ਕਿੱਸੇ ਬਾਰੇ ਖੋਜ ਕੀਤੀ ਅਤੇ ਇਸ ਖੋਜ ਦੇ ਆਧਾਰ ਤੇ ਸੋਰਠ-ਬੀਜਾ ਨਾਂ ਦੇ ਪਹਿਲੇ ਕਿੱਸੇ ਦੀ ਰਚਨਾ ਕਰ ਕੇ ਮੋਢੀ ਕਿੱਸਾਕਾਰ ਦਾ ਦਰਜਾ ਪ੍ਰਾਪਤ ਕੀਤਾ। ਮੈਂ ਸੋਰਠ-ਬੀਜਾ ਕਹਾਣੀ ਦੇ ਵੇਰਵੇ ਬਿਆਨ ਕਰਨ ਦੀ ਲੋੜ ਨਹੀਂ ਸਮਝਦਾ, ਕਿਉਂਕਿ ਮੂਲ ਤੇ ਮਹੱਤਵਪੂਰਨ ਗੱਲ ਤਾਂ ਇਹ ਹੈ, ਕਿ ਇਸ ਕਿੱਸੇ ਦੀ ਰਚਨਾ ਪਹਿਲੀ ਵਾਰੀ ਤਰਨ ਸਿੰਘ ਵਹਿਮੀ ਨੇ ਕੀਤੀ ਅਤੇ ਕਿੱਸਾ ਸਾਹਿਤ ਵਿਚ ਇਕ ਨਵੀਂ ਪ੍ਰਥਾ ਚਲਾਈ। ਇਹ ਕਹਾਣੀ ਪੰਜਾਬੀ ਦੇ ਪ੍ਰਾਪਤ ਕਿੱਸਿਆਂ ਦੇ ਮਾਡਲਾਂ ਨਾਲੋਂ ਬਿਲਕੁਲ ਵਖਰੀ ਤਰ੍ਹਾਂ ਦੀ ਹੈ ਅਤੇ ਇਸੇ ਲਈ ਇਹ ਗੰਭੀਰ ਅਧਿਐਨ ਦੀ ਮੰਗ ਕਰਦੀ ਹੈ। ਪ੍ਰਾਪਤ ਕਿੱਸਿਆਂ ਵਿਚ ਨਾਇਕ ਦੀ ਪਤਨੀ ਦਾ ਸਹਿਯੋਗੀ ਕਿਰਦਾਰ ਅਤੇ ਦਰਸ਼ਨ ਮਗਰੋਂ ਨਾਇਕ-ਨਾਇਕਾਂ ਦਾ ਜੀਵਨ-ਮੁਕਤ ਹੋ ਜਾਣਾ— ਅਜਿਹੇ ਕੁਝ ਕੇਂਦਰ-ਬਿੰਦੂ ਹਨ, ਜਿਹੜੇ ਕਿੱਸਾ-ਪਰੰਪਰਾ ਦੀ ਵਿਵਧਤਾ ਨੂੰ ਹੋਰ ਵਿਆਪਕ ਕਰਦੇ ਹਨ। ਇਹ ਕਹਾਣੀ ਸ਼ਰੀਰੀ ਛੋਹਾਂ ਤੋਂ ਮੁਕਤ ਹੈ। ਦਰਸ਼ਨ-ਦੀਦਾਰ ਦੀ ਅਥਾਹ ਤੜਪ ਅਤੇ ਉਸ ਦੀ ਪੂਰਤੀ ਮਗਰੋਂ ਅਨੰਤ ਵਿਚ ਲੀਨ ਹੋ ਜਾਣਾ ਅਧਿਆਤਮਕ ਸੰਜੋਗ ਦਾ ਸੂਚਕ ਵੀ ਹੈ ਅਤੇ ਵਹਿਮੀ ਜੀ ਨੇ ਇਸ ਪਵਿਤਰਤਾ ਨੂੰ ਕਿੱਸੇ ਦੇ ਆਦਿ ਤੋਂ ਲੈ ਕੇ ਅੰਤ ਤਕ ਨਿਭਾਹਿਆ ਹੈ—

ਸੋਰਠ ਗਈ ਤਾਂ ਬੀਜੇ ਵੀ ਲਈ ਰੁਖਸਤ,
ਰਵਾਂ ਰੂਹ ਦੇਹ ਖੇਡ ਖਿਲਾਰ ਹੋਵੇ।
ਹੋਣਾ, ਜੰਮਣਾ ਐਸਿਆਂ ਆਸ਼ਕਾਂ ਦਾ,
ਜਿਸਮ ਗਿਆ ਹੈ ਜਸ ਪ੍ਰਚਾਰ ਹੋਵੇ।

ਨਵੇਂ ਬਿਰਤਾਂਤਾਂ, ਲੋਕ-ਵਰਤਾਰਿਆਂ ਤੇ ਆਧਾਰਿਤ ਕਿੱਸੇ ਰਚਨ ਦੀ ਚੇਤਨਾ ਅਧੀਨ ਵਹਿਮੀ ਜੀ ਨੇ ਪੂਰਨ ਚੰਦ ਤੇ ਇੱਛਾ ਦੇਵੀ, ਵਿਧਵਾ ਸਤੀ ਦੀ ਸਾਖੀ ਆਦਿ ਲਿਖ ਕੇ ਕਿੱਸਾ ਕਾਲੀਨ ਚੇਤਨਾ ਨੂੰ ਬਰਕਰਾਰ ਰਖਿਆ ਹੈ। ਪੰਜਾਬੀ ਦੇ ਕਿੱਸਾ ਸਾਹਿਤ ਵਿਚ ਵਹਿਮੀ ਜੀ ਦੀ ਥਾਂ ਇਸ ਲਈ ਮਹੱਤਵਪੂਰਨ ਹੈ ਕਿ ਉਨ੍ਹਾਂ ਨੇ ਨਵੇਂ ਤੇ ਨਰੋਏ ਕਿੱਸਿਆਂ ਦੇ ਕਥਾਨਕਾਂ ਬਾਰੇ ਖੋਜ ਵੀ ਕੀਤੀ ਹੈ ਅਤੇ ਕਿੱਸਾਕਾਰੀ ਵੀ।

ਕਵਿਤਾ ਦੇ ਖੇਤਰ ਵਿਚ ਵਹਿਮੀ ਜੀ ਦੀਆਂ ਦੋ ਕਿਰਤਾਂ ਦੀ ਚਰਚਾ ਕਰਨੀ ਬਣਦੀ ਹੈ। ਇਨ੍ਹਾਂ ਵਿਚੋਂ ਇਕ ਰਚਨਾ ਦਾ ਵਿਸ਼ਾ ਨਾਮਧਾਰੀ ਇਤਿਹਾਸ ਨਾਲ ਹੈ ਅਤੇ ਦੂਜੇ ਸੰਗ੍ਰਹਿ ਦਾ ਵਿਸ਼ਾ 'ਅੱਖੀਆਂ' ਅਤੇ ਪ੍ਰੇਮ ਨਾਲ ਜੁੜਿਆ ਹੋਇਆ ਹੈ। ਇਸ ਰਚਨਾ ਦੀ ਸਾਹਿਤਕ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਵਿਸ਼ੇ ਦੀ ਚੋਣ, ਵਿਸ਼ੇ ਅਨੁਕੂਲ ਸ਼ਬਦਾਵਲੀ ਅਤੇ ਆਸ਼ੇ ਅਨੁਸਾਰ ਅਭਿਵਿਅਕਤੀ ਦੇ ਨਾਲ-ਨਾਲ ਛੰਦ ਸ਼ਾਸਤਰ ਦਾ ਗਿਆਨ ਅਤੇ ਅਲੰਕਾਰਾਂ ਦੀ ਵਰਤੋਂ ਬੇ-ਜੋੜ ਵੀ ਹੈ ਅਤੇ ਦੋਸ਼-ਮੁਕਤ ਵੀ। ਲੈਅ, ਤਾਲ, ਤੋਲ ਪਖੋਂ ਵਹਿਮੀ ਜੀ ਦੀ ਇਹ ਰਚਨਾ ਸਾਡਾ ਧਿਆਨ ਖਿੱਚਦੀ ਹੈ। ਕਵੀ ਨੇ ਅੱਖੀਆਂ ਦੇ ਮਾਧਿਅਮ ਨਾਲ ਇਤਿਹਾਸਕ, ਸਾਹਿਤਕ, ਮਿਥਿਹਾਸਕ, ਅਧਿਆਤਮਕ ਖੇਤਰ ਦੇ ਸਮੂਹ ਅਨੁਭਵਾਂ ਨੂੰ ੮੦੦/੯੦੦ ਪੰਗਤੀਆਂ ਦੀ ਕਵਿਤਾ ਵਿਚ ਢਾਲ ਕੇ ਆਪਣੇ ਵਿਸ਼ਾਲ ਅਨੁਭਵ ਅਤੇ ਗਿਆਨ ਦਾ ਸਬੂਤ ਦਿੱਤਾ ਹੈ। ਉਦਾਹਰਣ ਲਈ ਕੁਝ ਪੰਗਤੀਆਂ ਪ੍ਰਸਤੁਤ ਕਰ ਰਿਹਾ ਹਾਂ—

ਜ਼ਾਲ-ਜਰਾ ਵੀ ਖਰਾ ਖਿਆਲ ਨਾਹੀਂ,
ਤਰ੍ਹਾਂ ਤਰ੍ਹਾਂ ਦੇ ਕਰਦੀਆਂ ਭੋਗ ਅੱਖੀਆਂ।
ਕਿਹਾ ਮੰਨਦੀਆਂ ਨਾ, ਸਿਦਕ ਬੰਨ੍ਹਦੀਆਂ ਨਾ,
ਤਾਣੇ ਬੁਣਦੀਆਂ ਰਹਿਣ ਅਯੋਗ ਅੱਖੀਆਂ।
ਬੇ-ਮੁਖ ਮਨੁਖ ਨੂੰ ਕਰਨ ਅੱਖੀਂ,
ਬੜੇ ਦੁਖ ਪੈਦਾ ਕਰਨ ਰੋਗ ਅੱਖੀਆਂ।
ਸੋਹਣੀ ਨਾਰ ਦਾ ਕਿਤੇ ਦੀਦਾਰ ਹੋਵੇ,
ਗੁਨਾਹਗਾਰ ਨੂੰ ਪਾਉਂਦੀਆਂ ਸੋਗ ਅੱਖੀਆਂ।
ਰੱਬਾ! ਦੇਹ ਅੱਖੀਆਂ, ਰੱਬਾ! ਦੇਹ ਅੱਖੀਆਂ,
ਇਹ ਨੂਰ ਤੇਰਾ ਕਹਿੰਦੇ ਲੋਗ ਅੱਖੀਆਂ।

ਇਸੇ ਤਰ੍ਹਾਂ 'ਪ੍ਰੇਮ ਅੱਖਰ' ੧੬੦੦/੧੭੦੦ ਪੰਗਤੀਆਂ ਦੀ ਇਕ ਲੰਮੀ ਰਚਨਾ ਹੈ, ਜਿਹੜੀ ਪ੍ਰੇਮ ਦੇ ਇਤਿਹਾਸਕ, ਸਮਾਜਕ, ਸਭਿਆਚਾਰਕ, ਅਧਿਆਤਮਕ, ਰਹਸਵਾਦੀ ਅਰਥਾਂ ਨੂੰ ਉਜਾਗਰ ਕਰਦੀ ਹੈ। ਇਕ ਵਿਸ਼ੇ ਬਾਰੇ ਇਤਨੀ ਲੰਮੀ ਰਚਨਾ ਕਿਸੇ ਵੀ ਆਮ ਕਵੀ ਦਾ ਕੰਮ ਨਹੀਂ ਹੁੰਦਾ। ਇਹ ਤਾਂ ਵਹਿਮੀ ਵਰਗੇ ਵਹਿਮੀ ਕਵੀ ਦੀ ਪ੍ਰਤਿਭਾ ਦਾ ਕਮਾਲ ਹੋਇਆ ਕਰਦਾ ਹੈ।

ਵਹਿਮੀ ਜੀ ਦੀ ਸਾਹਿਤਕ ਚੇਤਨਾ ਦੇ ਅਨੇਕ ਪਹਿਲੂ ਹਨ, ਜਿਹੜੇ ਇਸ ਸੀਮਤ ਅਧਿਐਨ ਵਿਚ ਬਿਆਨ ਕਰਨੇ ਸੰਭਵ ਨਹੀਂ ਹਨ। ਮੈਂ ਮਹਿਸੂਸ ਕਰਦਾ ਹਾਂ, ਕਿ ਵਹਿਮੀ ਜੀ ਦੀ ਸਾਰੀ ਉਮਰ ਦੀ ਘਾਲਨਾ ਨੂੰ ਸਮਝਣ ਲਈ ਇਕ ਅਧਿਐਨ ਕੇਂਦਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਇਸ ਸਾਹਿਤਕ ਪਰੰਪਰਾ ਨੂੰ ਅੱਗੇ ਤੋਰਨ ਲਈ ਸੰਗਠਤ ਪੱਧਰ ਤੇ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਘਰ-ਘਰ ਪੁਚਾਈਆਂ ਜਾਣੀਆਂ ਜ਼ਰੂਰੀ ਜਾਪਦੀਆਂ ਹਨ ਅਤੇ ਇਹ ਸਾਰਾ ਕੁਝ ਵਿਅਕਤੀ ਪੱਧਰ ਤੇ ਨਹੀਂ ਹੋ ਸਕਦਾ। ਇਸੇ ਲਈ ਵਿਸਤ੍ਰਿਤ ਸਾਧਨਾਂ ਅਤੇ ਲਗਨ ਦੀ ਲੋੜ ਹੈ।



Sri Satguru Jagjit Singh Ji eLibrary NamdhariElibrary@gmail.com

# ਸੰਗਰਾਂਦ

ਪਿਛਲੇ ਕਈ ਅੰਕਾਂ ਵਿਚ ਅਸੀਂ ਸ਼ਬਦਾਂ ਦੇ ਅਰਥ ਅਤੇ ਪਿਛੋਕੜ ਬਾਰੇ ਕੋਸ਼ਾਂ ਵਿਚੋਂ ਜਾਣਕਾਰੀ ਦਿੰਦੇ ਰਹੇ ਹਾਂ। ਸੰਗਰਾਂਦ ਦਾ ਦਿਨ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਬਾਰੇ ਜਾਣਕਾਰੀ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿਚੋਂ ਦਿੱਤੀ ਜਾ ਰਹੀ ਹੈ। ਇਸ ਦੇ ਲੇਖਕ ਡਾ: ਸ. ਸ. ਵਣਜਾਰਾ ਬੇਦੀ ਹਨ। ਇਸ ਜਾਣਕਾਰੀ ਦਾ ਮਹੱਤਵ ਸੰਗਰਾਂਦ ਬਾਰੇ ਪ੍ਰਾਪਤ ਜਾਣਕਾਰੀ ਦੇਣਾ ਹੈ। ਮਾਨਤਾਵਾਂ ਦੇ ਅਨੁਯਾਈ ਹੋਣਾ ਨਹੀਂ।

—**ਸੰਪਾਦਕ**

(ਸੰ: ਸੰਕਰਾਂਤੀ) ਦੇਸੀ ਮਹੀਨੇ ਦਾ ਪਹਿਲਾ ਦਿਨ ਜਦੋਂ ਸੂਰਜ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਇਹ ਦਿਨ ਮੰਗਲ ਤੇ ਧਾਰਮਿਕ ਕਾਰਜਾਂ ਲਈ ਸੜਾ ਸ਼ੁਭ ਮੰਨਿਆ ਗਿਆ ਹੈ। ਹਿੰਦੂਆਂ ਵਿਚ ਇਸ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਕਿਸੇ ਪਾਵਨ ਦਰਿਆ ਜਾਂ ਸਰੋਵਰ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਹੈ। ਧਾਰਨਾ ਹੈ ਕਿ ਇਸ ਦਿਨ ਜਪ ਤਪ, ਪੂਜਾ ਪਾਠ, ਦਾਨ ਵਰਤ ਦਾ ਫਲ ਮੂਲ ਨਾਲੋਂ ਕਈ ਗੁਣਾਂ ਵਧ ਮਿਲਦਾ ਹੈ।

ਸਿੱਖਾਂ ਵਿਚ ਵੀ ਸੰਗਰਾਂਦ ਦਾ ਧਾਰਮਿਕ ਮਹੱਤਵ ਹੈ। ਇਸ ਦਿਨ ਸਿੱਖ ਸਵੇਰੇ-ਸਵੇਰੇ ਇਸ਼ਨਾਨ ਕਰ ਕੇ ਗੁਰ-ਦੁਆਰੇ ਜਾਂਦੇ ਹਨ। ਜਿਥੇ ਹੋਰ ਬਾਣੀਆਂ ਤੋਂ ਇਲਾਵਾ ਗੁਰੂ ਅਰਜਨ ਦੇਵ ਦੇ ਰਚੇ 'ਬਾਰਾਮਾਹ' ਵਿਚੋਂ ਉਸ ਮਹੀਨੇ ਦਾ ਪਾਠ ਵਿਸ਼ੇਸ਼ ਤੌਰ ਤੇ ਕੀਤਾ ਜਾਂਦਾ ਹੈ। ਸਿੱਖ ਘਰਾਂ ਵਿਚ ਇਸ ਦਿਨ ਨਿਤਨੇਮ ਤੋਂ ਬਾਅਦ ਬਾਰਾਮਾਹ ਦਾ ਪਾਠ ਕਰਨ ਦੀ ਪ੍ਰਥਾ ਹੈ। ਸੰਗਰਾਂਦ ਵਾਲੇ ਦਿਨ ਅੰਮ੍ਰਿਤਸਰ ਦੇ ਹਰਿਮੰਦਰ ਸਰੋਵਰ ਵਿਚ ਇਸ਼ਨਾਨ ਦਾ ਬੜਾ ਫਲ ਮੰਨਿਆ ਗਿਆ ਹੈ।

ਲੋਕ-ਨਿਸਚੇ ਅਨੁਸਾਰ ਜੇ ਸੰਗਰਾਂਦ ਵਾਲੇ ਦਿਨ ਮਨ ਪ੍ਰਸੰਨ ਤੇ ਖਿੜਿਆ ਰਹੇ, ਤਾਂ ਸਾਰਾ ਮਹੀਨਾ ਹੀ ਖੁਸ਼ੀ ਵਿਚ ਬਤੀਤ ਹੁੰਦਾ ਹੈ। ਨਵੇਂ ਮਹੀਨੇ ਦਾ ਨਾਂ ਕਿਸੇ ਚੰਗੇ ਆਦਮੀ ਦੇ ਮੂੰਹੋਂ ਸੁਣਨ ਦਾ ਯਤਨ ਕੀਤਾ ਜਾਂਦਾ ਹੈ। ਜੇ ਨਵੇਂ ਮਹੀਨੇ ਦਾ ਨਾਂ ਕਿਸੇ ਲਾਲਚੀ, ਕਰੋਧੀ, ਕਲਜੀਭੇ ਜਾਂ ਝਗ-ੜਾਲੂ ਦੇ ਮੂੰਹੋਂ, ਅਣਗਹਿਲੀ ਵਿਚ ਸੁਣ ਲਿਆ ਜਾਵੇ, ਤਾਂ ਨਿਸਚਾ ਹੈ ਕਿ ਸਾਰਾ ਮਹੀਨਾ ਕਲੇਸ਼ ਵਿਚ ਲੰਘਦਾ ਹੈ।

ਸੰਗਰਾਂਦ ਵਾਲੇ ਦਿਨ ਕਿਸੇ ਨਵੇਂ ਕੰਮ ਨੂੰ ਆਰੰਭ ਕਰਨਾ ਸ਼ੁਭ ਹੈ। ਇਸ ਦਿਨ ਸਨਾਤਨੀ ਵਿਚਾਰਾਂ ਦੇ ਲੋਕ ਕਿਸੇ ਨੂੰ ਰੁਪਿਆ ਪੈਸਾ ਨਹੀਂ ਦੇਂਦੇ, ਜੇ ਕਿਧਰੋਂ ਰੁਪਏ ਮਿਲਦੇ ਹੋਣ ਤਾਂ ਝਟ ਲੈ ਲੈਂਦੇ ਹਨ। ਨਿਸਚਾ ਹੈ ਕਿ ਇਸ ਦਿਨ ਰੁਪਏ ਘਰੋਂ ਕੱਢਣ ਨਾਲ ਸਾਰਾ ਮਹੀਨਾ ਨਿਕਲਦੇ ਹੀ ਰਹਿੰਦੇ ਹਨ; ਜੇ ਰੁਪਏ ਘਰ ਆਉਣ ਤਾਂ ਸਾਰਾ ਮਹੀਨਾ ਕਿਧਰੋਂ ਨਾ ਕਿਧਰੋਂ ਮਿਲਦੇ ਰਹਿੰਦੇ ਹਨ। ਪਰ ਇਸ ਦਿਨ ਦਾਨ ਕਰਨ ਦਾ ਬੜਾ ਫਲ ਹੈ।

ਸੰਗਰਾਂਦ ਨੂੰ ਕਈ ਲੋਕ ਘਰਾਂ ਵਿਚ ਖੀਰ ਜਾਂ ਮਿੱਠੇ ਚਾਵਲ ਉਚੇਚੇ ਤੌਰ ਤੇ ਰਿੰਨ੍ਹਦੇ ਹਨ। ਸਿੱਖਾਂ ਵਿਚ ਉਚੇਚੀ ਰੋਟੀ ਤਿਆਰ ਕਰ ਕੇ ਗੁਰਦੁਆਰੇ ਦੇਣ ਦੀ ਪ੍ਰਥਾ ਵੀ ਹੈ। ਖੱਤਰੀਆਂ ਅਤੇ ਅਰੋੜਿਆਂ ਵਿਚ ਇਸ ਦਿਨ ਧੀ ਭੈਣ ਨੂੰ ਰੋਟੀ ਲਈ ਨਿਉਤਾ ਦੇਣ ਦਾ ਵੀ ਰਵਾਜ ਹੈ, ਜੋ ਹੁਣ ਘਟਦਾ ਜਾ ਰਿਹਾ ਹੈ।

ਸੰਗਰਾਂਦ ਦਾ ਮਹਾਤਮ ਪ੍ਰਾਚੀਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਦੇਵੀ ਪੁਰਾਣ ਵਿਚ 'ਸੰਕਰਾਂਤੀ' ਨੂੰ ਇਕ ਸਰਵ ਵਿਆਪੀ ਦੇਵੀ ਮੰਨਿਆ ਗਿਆ ਹੈ, ਜਿਸ ਦੀ ਸ਼ਕਤੀ ਸੂਰਜ ਦੀ ਗਤੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ।

ਸੰਕਰਾਂਤੀਆਂ ਦੇ ਸੱਤ ਨਾਂ ਹਨ—ਮੰਡਾ, ਮੰਡਾਕਣੀ, ਧਵਾਂਕਸ਼ੀ, ਘੋੜਾ, ਮਹੋਦਰੀ, ਰਾਕਸ਼ਸੀ ਤੇ ਮਿਸ਼ਰਿਤਾ। ਇਹ ਨਾਂ ਨਖਸ਼ਤਰਾਂ ਦੇ ਪ੍ਰਸੰਗ ਵਿਚ ਹਨ। ਸੰਕਰਾਂਤੀ ਵਾਲੇ ਦਿਨ ਜੇ ਰੋਹਿਣੀ, ਉਤਰਾ ਫਾਲਗੁਨੀ, ਉਤਰਾਭਦ੍ਰਪਦਾ, ਉਤਰਾ-ਖਾੜਾ ਨਛਤ੍ਰ ਹੋਣ ਤਾਂ ਮੰਡਾ ਸੰਕਰਾਂਤੀ, ਜੇ ਚਿਤ੍ਰਾ, ਅਨੁਰਾਧਾ, ਮ੍ਰਿਗਸ਼ਿਰਾ ਜਾਂ ਰੇਵਤੀ ਨਛਤ੍ਰ ਹੋਣ ਤਾਂ ਮੰਡਾਕਣੀ; ਜੇ ਅਸ਼੍ਵਿਨੀ, ਪੁਸ਼ਯ, ਹਸਤ ਜਾਂ ਅਭੀਜਿਤ ਹੋਣ ਤਾਂ ਧਵਾਂਕੁਸ਼ੀ; ਅਤੇ ਜੇ ਪੂਰਵਾ ਫਾਲਗੁਣੀ, ਪੂਰਵਾ ਭਦ੍ਰਪਦਾ, ਪੂਰਵਾ ਖਾੜਾ, ਭਰਣੀ ਜਾਂ ਮਘਾ ਨਛਤ੍ਰ ਹੋਣ ਤਾਂ ਘੋੜਾ; ਜੇ ਸ੍ਰਵਣ, ਧਨਿਸ਼ਠਾ, ਸਤਭਿਖਾ, ਪੁਨਰਵਸੁ ਜਾਂ ਸਵਾਂਤੀ ਹੋਵੇ ਤਾਂ ਮਹੋਦਰੀ; ਅਤੇ ਜਦੋਂ ਮੂਲ, ਜਯੇਸ਼ਠਾ, ਆਰਦਰਾ ਜਾਂ ਸ਼ਲੇਸ਼ਾ ਹੋਵੇ ਤਾਂ ਰਾਕਸ਼ਸ਼ੀ ਅਤੇ ਜੇ ਵਿਸ਼ਾਖਾ ਜਾਂ ਕ੍ਰਿਤਕਾ ਹੋਵੇ ਤਾਂ ਮਿਸ਼ਰਿਤਾ।

ਮੰਡਾ ਸੰਕਰਾਂਤੀ ਵਿਚ ਤਿੰਨ ਘੜੀਆਂ ਸ਼ੁਭ, ਕਲਿ-ਆਣੀ ਤੇ ਪਵਿਤ੍ਰ ਹਨ; ਮੰਡਾਕਨੀ ਵਿਚ ਚਾਰ; ਧਵਾਂਕਸ਼ੀ ਵਿਚ ਪੰਜ; ਘੋੜਾ ਵਿਚ ਸੱਤ; ਮਹੋਦਰੀ ਵਿਚ ਅੱਠ; ਰਾਖਸ਼ਸ਼ੀ



Sri Satguru Jagjit Singh Ji eLibrary NamdhariElibrary@gmail.com

ਵਿਚ ਨੌਂ ਤੇ ਮਿਸ਼ਰਿਤਾ ਵਿਚ ਬਾਰ੍ਹਾਂ ਘੜੀਆਂ। ਹਰ ਸੰਕਰਾਂਤੀ ਵਿਚ ਸੂਰਜ ਦੇ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਤੇ ਮਗਰੋਂ ਦੀਆਂ ੧੫ ਘੜੀਆਂ ਘਟ ਪਵਿਤ੍ਰ ਮੰਨੀਆਂ ਜਾਂਦੀਆਂ ਹਨ।

ਵਸ਼ਿਸ਼ਟ ਅਨੁਸਾਰ ਰਾਸ਼ੀਆਂ ਦੇ ਪ੍ਰਸੰਗ ਵਿਚ ਸੰਕਰਾਂਤੀਆਂ ਚਾਰ ਪ੍ਰਕਾਰ ਦੀਆਂ ਹਨ—ਦੋ ਆਇਨਾਂ ਦੀਆਂ, ਦੋ ਵਿਸ਼ੁਵਸ ਦੀਆਂ, ਚਾਰ ਸਦਿਸ਼ਟੀ ਦੀਆਂ ਤੇ ਚਾਰ ਵਿਸ਼ਨੂੰਪਦੀ ਦੀਆਂ। ਜਦੋਂ ਸੂਰਜ ਕਰਕ ਵਿਚ ਪ੍ਰਵੇਸ਼ ਕਰੇ ਤਾਂ ਯਾਮਾਇਨ ਅਤੇ ਜਦੋਂ ਮਕਰ ਵਿਚ ਪ੍ਰਵੇਸ਼ ਕਰੇ ਤਾਂ ਸੌਮਾਇਨ ਸੰਕਰਾਂਤੀ ਹੁੰਦੀ ਹੈ। ਜਦੋਂ ਸੂਰਜ ਮੇਖ ਜਾਂ ਤੁਲਾ ਰਾਸ਼ੀ ਵਿਚ ਹੋਵੇ ਤਾਂ ਇਹ ਵਿਸ਼ੁਵਸ; ਜਦੋਂ ਸੂਰਜ ਕੁੰਭ, ਵ੍ਰਿਸ਼ਚਿਕ, ਵ੍ਰਿਖ, ਸਿੰਹ ਰਾਸ਼ੀ ਵਿਚ ਹੋਵੇ ਤਾਂ ਵਿਸ਼ਨੂੰਪਦੀ ਅਤੇ ਜਦੋਂ ਸੂਰਜ ਕੰਨਿਆ, ਧਨੁ, ਮੀਨ ਤੇ ਮਿਥੁਨ ਰਾਸ਼ੀ ਵਿਚ ਹੋਵੇ ਤਾਂ ਸਦਿਸ਼ਟੀ ਸੰਕਰਾਂਤੀ ਹੁੰਦੀ ਹੈ। ਬੋਧਾਇਨ ਅਨੁਸਾਰ ਯਾਮਾਇਨ ਤੇ ਵਿਸ਼ਨੂੰਪਦੀ ਵਿਚ ਪਹੁੰਚਣ ਤੋਂ ਪਹਿਲਾਂ ਦਾ ਸਮਾਂ ਪਵਿਤ੍ਰ ਹੈ, ਵਿਸ਼ੁਵਸ ਵਿਚ ਪ੍ਰਵੇਸ਼ ਦੀ ਘੜੀ ਅਤੇ ਸਦਿਸ਼ਟੀ ਵਿਚ ਪ੍ਰਵੇਸ਼ ਤੋਂ ਬਾਅਦ ਦਾ ਸਮਾਂ ਪਵਿਤ੍ਰ ਹੁੰਦਾ ਹੈ। ਉਤਰਾਇਨ ਵਿਚ ਪ੍ਰਵੇਸ਼ ਤੋਂ ਪਹਿਲਾਂ ਤੇ ਪਿਛੋਂ ਦੀਆਂ ਕੁਝ ਘੜੀਆਂ ਸ਼ੁਭ ਹੁੰਦੀਆਂ ਹਨ।

ਸੰਕਰਾਂਤੀ ਦੀ ਪਵਿਤ੍ਰ ਘੜੀ ਕਿਤਨਾ ਕੁ ਚਿਰ ਰਹਿੰਦੀ ਹੈ, ਇਸ ਬਾਰੇ ਵੀ ਵੱਖੋ-ਵੱਖ ਮੱਤ ਹਨ। ਆਧਾਰ ਤਾਂ ਇਹੋ ਰਖਿਆ ਗਿਆ ਹੈ ਕਿ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਨ ਦੀ ਘੜੀ ਦੇ ਨੇੜੇ ਦਾ ਸਮਾਂ ਹੀ ਵਧੇਰੇ ਪਵਿਤ੍ਰ ਹੁੰਦਾ ਹੈ, ਪਰ ਜੇ ਰਾਤ ਹੋਵੇ ਤਾਂ ਇਹ ਪਲ ਸ਼ੁਭ ਨਹੀਂ ਹੁੰਦੇ। ਜੇ ਪ੍ਰਵੇਸ਼ ਰਾਤ ਦੇ ਪਹਿਲੇ ਦੋ ਪਹਿਰਾਂ ਵਿਚ ਹੋਵੇ, ਤਾਂ ਉਸ ਤੋਂ ਪਹਿਲੇ ਦਿਨ ਦੇ ਦੋ ਪਹਿਰ ਨੇੜੇ ਜਾਣ ਕੇ ਪਵਿਤ੍ਰ ਮੰਨੇ ਜਾਂਦੇ ਹਨ। ਜੇ ਅੱਧੀ ਰਾਤ ਤੋਂ ਪਿਛੋਂ ਪ੍ਰਵੇਸ਼ ਹੋਵੇ ਤਾਂ ਅਗਲੇ ਦਿਨ ਦੋ ਪਹਿਰ ਨੇੜੇ ਹੋਣ ਕਰ ਕੇ ਪਵਿਤ੍ਰ ਹਨ। ਜੇ ਪ੍ਰਵੇਸ਼ ਅੱਧੀ ਰਾਤ ਸਮੇਂ ਹੋਵੇ, ਤਾਂ ਦੋਵੇਂ ਦਿਨ ਭਾਵ ਪਿਛਲੇ ਦਿਨ ਦੇ ਆਖ਼ਰੀ ਦੋ ਪਹਿਰ ਅਤੇ ਅਗਲੇ ਦਿਨ ਦੇ ਪਹਿਲੇ ਦੋ ਪਹਿਰ ਪਵਿਤ੍ਰ ਹਨ। ਇਸ ਤਰ੍ਹਾਂ ਸੰਕਰਾਂਤੀ ਦੀ ਘੜੀ ਦੇ ਨੇੜੇ ਦਾ ਅੱਧਾ ਦਿਨ ਅਥਵਾ ਦੋ ਪਹਿਰ ਸ਼ੁਭ ਮੰਨੇ ਗਏ ਹਨ। ਉਤਰਾਇਨ ਤੇ ਦਖਸ਼ਾਇਣ ਵਿਚ ਅਵਸਥਾ ਬਿਲਕੁਲ ਵੱਖਰੀ ਹੈ। ਜੇ ਪ੍ਰਵੇਸ਼ ਦਿਨ ਵੇਲੇ ਹੋਵੇ ਤਾਂ ਦਿਨ ਪਵਿਤ੍ਰ ਹੈ, ਜੇ ਰਾਤ ਵੇਲੇ ਹੋਵੇ ਤਾਂ ਰਾਤ ਪਵਿਤ੍ਰ।

ਇਕ ਧਾਰਨਾ ਅਨੁਸਾਰ ਜੇ ਸੂਰਜ ਮਕਰ ਜਾਂ ਕਰਕ ਰਾਸ਼ੀ ਵਿਚ ਪ੍ਰਵੇਸ਼ ਕਰੇ ਤਾਂ ਰਾਤ ਸ਼ੁਭ ਹੈ, ਪਰ ਹੋਰ ਸੰਕਰਾਂਤੀਆਂ ਵਿਚ ਅਜਿਹਾ ਨਹੀਂ। ਪਰ ਇਕ ਹੋਰ ਮੱਤ ਅਨੁਸਾਰ ਸੂਰਜ ਦੀ ਕਿਸੇ ਨਵੀਂ ਰਾਸ਼ੀ ਜਾਂ ਨਛਤ੍ਰ ਵਿਚ ਪ੍ਰਵੇਸ਼ ਦੇ ਸਮੇਂ ਦਿਨ ਸ਼ੁਭ ਹੁੰਦਾ ਹੈ, ਪਰ ਬਾਕੀ ਗ੍ਰਹਿਆਂ ਦੇ ਪ੍ਰਵੇਸ਼ ਸਮੇਂ ਰਾਤ।

ਸੰਕਰਾਂਤੀਆਂ ਬਾਰ੍ਹਾਂ ਹਨ, ਹਰ ਸੰਕਰਾਂਤੀ ਦਾ ਨਾਂ ਉਸ ਨਛਤ੍ਰ ਉੱਤੇ ਰਖਿਆ ਗਿਆ ਹੈ ਜਿਸ ਵਿਚ ਉਸ ਮਹੀਨੇ ਦੀ ਪੂਰਨਮਾਸ਼ੀ ਪੈਂਦੀ ਹੈ।

**ਸੰਗਰਾਂਦ ਦਾ ਵਰਤ :**

ਸੰਗਰਾਂਦ ਵਾਲੇ ਦਿਨ ਸੂਰਜ ਇਕ ਰਾਸ਼ੀ ਵਿਚੋਂ ਦੂਜੀ ਨਵੀਂ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਇਸ ਲਈ ਇਸ ਦਿਨ ਨੂੰ ਬੜਾ ਸ਼ੁਭ ਤੇ ਪਵਿਤ੍ਰ ਜਾਣ ਕੇ ਸਨਾਤਨੀ ਵਿਚਾਰਾਂ ਦੇ ਹਿੰਦੂ ਵਰਤ ਰੱਖਦੇ ਹਨ। ਗ੍ਰਹਿਆਂ ਦਾ ਮਨੁੱਖੀ ਜੀਵਨ ਨਾਲ ਨਿਕਟ ਦਾ ਸਬੰਧ ਸਮਝਿਆ ਜਾਣ ਕਰ ਕੇ, ਇਸ ਦਾ ਮਹਾਤਮ ਵਧ ਜਾਂਦਾ ਹੈ।

ਸੰਗਰਾਂਦ ਦੇ ਵਰਤ ਵਿਚ ਅੰਨ ਤੇ ਭੋਜਨ ਦਾ ਤਿਆਗ ਨਹੀਂ ਕੀਤਾ ਜਾਂਦਾ, ਪਰ ਸੂਰਜ ਨਾਰਾਇਣ ਦੀ ਵਿਧੀ ਪੂਰਵਕ ਪੂਜਾ, ਜਾਪ ਤੇ ਪੁੰਨ ਦਾਨ ਕੀਤੇ ਬਗੈਰ, ਅੰਨ ਮੂੰਹ ਨਹੀਂ ਲਗਾਇਆ ਜਾਂਦਾ।

ਵਰਤ ਦਾ ਸੰਕਲਪ ਕਰਨ ਵਾਲਾ ਸਾਧਕ ਸੂਰਜ ਚੜ੍ਹਨ ਤੋਂ ਪਹਿਲਾ ਉਠਦਾ ਹੈ ਅਤੇ ਇਸ਼ਨਾਨ ਕਰ ਕੇ, ਵਰਤ ਸ਼ੁਰੂ ਕਰਦਾ ਹੈ। ਸੂਰਜ ਦੇਵ ਦੀ ਪੂਜਾ ਕਰਨ ਲਈ ਸਨਾਤਨੀ ਹਿੰਦੂ ਧਰਤੀ ਉੱਤੇ ਹਲਦੀ ਅਥਵਾ ਕੁੰਗੂ ਨਾਲ ਅਸ਼ਟ ਦਲ ਕੰਵਲ ਬਣਾਉਂਦੇ ਹਨ। ਇਸ ਦੀ ਪੂਰਵ ਦਿਸ਼ਾ ਉੱਤੇ ਸੂਰਜ (ਭਾਸਕਰ), ਦੱਖਣ-ਪੂਰਬ ਵਲ ਚੰਦਰਮਾ (ਰਵੀ), ਦੱਖਣ ਵਲ ਵਿਵਸ੍ਵਤ, ਦੱਖਣ-ਪੱਛਮ ਵਲ ਪੂਸ਼ਣ, ਪੱਛਮ ਵਲ ਆਦਿਤਯ, ਉੱਤਰ-ਪੱਛਮ ਵਲ ਅਰਹਪਤੀ, ਉਤਰ ਵਲ ਮਾਰਤੰਡ ਤੇ ਉਤਰ-ਪੂਰਬ ਵਲ ਭਾਨੁ ਲਿਖਿਆ ਜਾਂਦਾ ਹੈ। ਇਸ ਤੋਂ ਬਾਅਦ ਪੂਜਾ ਅਰਚਾ ਆਰੰਭ ਕੀਤੀ ਜਾਂਦੀ ਹੈ। ਅਸ਼ਟ ਦਲ ਕੰਵਲ ਅੱਗੇ ਕੁਝ ਅੰਨ, ਫਲ ਤੇ ਹੋਰ ਪਦਾਰਥ ਰੱਖੇ ਜਾਂਦੇ ਹਨ ਤੇ ਇਹ ਸਾਰੀ ਸਾਮਗ੍ਰੀ ਮਗਰੋਂ ਬ੍ਰਾਹਮਣਾ ਨੂੰ ਦਾਨ ਕੀਤੀ ਜਾਂਦੀ ਹੈ। ਫਿਰ ਵਰਤ ਖੋਲ੍ਹਿਆ ਜਾਂਦਾ ਹੈ। ਧਾਰਨਾ ਹੈ ਕਿ ਸੰਗਰਾਂਦ ਦੇ ਵਰਤ ਅਤੇ ਸੂਰਜ ਦੇਵ ਦੀ ਉਪਾਸ਼ਨਾ ਨਾਲ ਸਰੀਰ ਨੂੰ ਸੁਖ, ਆਨੰਦ ਤੇ ਅਰੋਗਤਾ ਪ੍ਰਾਪਤ ਹੋਣ ਤੋਂ ਇਲਾਵਾ ਮਨੋ-ਕਾਮਨਾ ਪੂਰੀਆਂ ਹੁੰਦੀਆਂ ਹਨ। ਧਨ ਦੌਲਤ ਵਿਚ ਵਾਧਾ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਭਾਵੇਂ ਸੰਗਰਾਂਦ ਦੇ ਸਾਰੇ ਵਰਤ ਉਪਰੋਕਤ ਵਿਧੀ ਨਾਲ ਹੀ ਰੱਖੇ ਜਾਂਦੇ ਹਨ, ਪਰ ਮਨੋ-ਕਾਮਨਾ ਅਨੁਸਾਰ ਇਨ੍ਹਾਂ ਵਰਤਾਂ ਦੀ ਵਿਧੀ ਵਿਚ ਕੁਝ ਅੰਤਰ ਪਾ ਲਿਆ ਜਾਂਦਾ ਹੈ। ਉਸੇ ਅਨੁਸਾਰ ਇਨ੍ਹਾਂ ਵਰਤਾਂ ਦੇ ਨਾਂ ਵੀ ਵੱਖੋ-ਵੱਖਰੇ ਰੱਖ ਲਏ ਗਏ ਹਨ।

ਲੱਵਣ ਸੰਕਰਾਂਤੀ ਵਰਤ : ਇਸ ਵਰਤ ਵਿਚ ਅਸ਼ਟ ਦਲ ਕੰਵਲ ਅੱਗੇ ਲੂਣ ਅਤੇ ਗੁੜ ਦੀ ਢੇਰੀ ਲਗਾਈ ਜਾਂਦੀ ਹੈ ਅਤੇ ਕੇਸਰ, ਗੁੜ ਤੇ ਲੂਣ ਤਿੰਨਾਂ ਨੂੰ ਮਿਲਾ ਕੇ ਦਾਨ ਦਿੱਤਾ ਜਾਂਦਾ ਹੈ।

ਧਾਨਿ ਸੰਕਰਾਂਤੀ ਵਰਤ : ਇਸ ਵਰਤ ਵਿਚ ਧਾਨ ਦਾਨ ਵਜੋਂ ਦਿੱਤੇ ਜਾਂਦੇ ਹਨ। ਇਸ ਵਰਤ ਨਾਲ ਰੋਗ ਦੂਰ ਹੁੰਦੇ ਹਨ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸੁਹਾਗ ਸੰਕਰਾਂਤੀ ਵਰਤ : ਇਸ ਵਰਤ ਵਿਚ ਅਸ਼ਟ ਦਲ ਕੰਵਲ ਬਣਾ ਕੇ ਉਸ ਦੇ ਸਾਹਮਣੇ ਕਿਸੇ ਸੁਹਾਗਣ ਤੀਵੀਂ ਨੂੰ ਬਿਠਾ ਕੇ ਸੁਹਾਗ ਦਾ ਕੋਈ ਚਿੰਨ੍ਹ ਜਿਵੇਂ ਨਥ, ਸਾਲੂ, ਬਿੰਦੀ, ਗੋਟੇ-ਕਿਨਾਰੀ ਵਾਲੇ ਕੱਪੜੇ ਆਦਿ ਦਾਨ ਕੀਤੇ ਜਾਂਦੇ ਹਨ। ਇਹ ਵਰਤ ਥਿਰ ਸੁਹਾਗ ਲਈ ਰਖਿਆ ਜਾਂਦਾ ਹੈ।

ਤੰਬੋਲ ਸੰਕਰਾਂਤੀ ਵਰਤ : ਇਸ ਵਰਤ ਵਿਚ ਤੰਬੋਲ ਅਤੇ ਚੰਦਨ ਦਾਨ ਕੀਤਾ ਜਾਂਦਾ ਹੈ। ਇਹ ਵਰਤ ਘਰ ਵਿਚ ਖੁਸ਼ੀ ਅਤੇ ਮੰਗਲ ਲਿਆਂਦਾ ਹੈ।

ਕਾਮਨਾ ਸੰਕਰਾਂਤੀ ਵਰਤ : ਇਸ ਵਰਤ ਵਿਚ ਗੁੜ ਦਾ ਭਰਿਆ ਕੁੰਭ ਅਤੇ ਕੁਝ ਕੱਪੜੇ ਦਾਨ ਕੀਤੇ ਜਾਂਦੇ ਹਨ। ਇਸ ਵਰਤ ਨਾਲ ਮਨੋ-ਕਾਮਨਾ ਪੂਰੀਆਂ ਹੁੰਦੀਆਂ ਹਨ।

ਆਯੂ ਸੰਕਰਾਂਤੀ ਵਰਤ : ਇਸ ਵਰਤ ਵਿਚ ਕਾਂਸ਼ੀ ਦੇ ਭਾਂਡੇ ਵਿਚ ਗੁੜ ਤੇ ਘਿਉ ਭਰ ਕੇ ਦਾਨ ਕੀਤਾ ਜਾਂਦਾ ਹੈ। ਇਸ ਵਰਤ ਨਾਲ ਆਯੂ ਦੀਰਘ ਹੁੰਦੀ ਹੈ।

ਧਨ ਸੰਕਰਾਂਤੀ ਵਰਤ : ਇਸ ਵਰਤ ਵਿਚ ਜਲ ਨਾਲ ਭਰੇ ਕਲਸ ਵਿਚ ਸੋਨੇ ਦੀ ਇਕ ਡਲੀ ਪਾ ਕੇ ਦਾਨ ਕੀਤੀ ਜਾਂਦੀ ਹੈ। ਇਸ ਵਰਤ ਨਾਲ ਧਨ ਦੌਲਤ ਵਿਚ ਵਾਧਾ ਹੁੰਦਾ ਹੈ।

ਭੋਗ ਸੰਕਰਾਂਤੀ ਵਰਤ : ਇਸ ਵਰਤ ਸਮੇਂ ਗਰੀਬ ਸੁਹਾਗਣ ਇਸਤਰੀਆਂ ਨੂੰ ਭੋਜਨ ਛਕਾਇਆ ਜਾਂਦਾ ਹੈ। ਉਨ੍ਹਾਂ ਨੂੰ ਕੰਘੂ, ਕਜਲਾ, ਸੰਧੂਰ, ਫੁੱਲ, ਪਾਨ, ਕਪੂਰ, ਚੰਦਨ, ਫਲ ਅਤੇ ਕੱਪੜੇ ਆਦਿ ਦਾਨ ਵਜੋਂ ਦਿੱਤੇ ਜਾਂਦੇ ਹਨ। ਇਸ ਵਰਤ ਨਾਲ ਸੁਹਾਗ ਦਾ ਸੁਖ ਮਿਲਦਾ ਹੈ।

ਰੂਪ ਸੰਕਰਾਂਤੀ ਵਰਤ : ਇਸ ਵਰਤ ਵਿਚ ਸਵੇਰੇ ਤਿਲਾਂ ਦਾ ਤੇਲ ਮਲ ਕੇ ਇਸ਼ਨਾਨ ਕੀਤਾ ਜਾਂਦਾ ਹੈ। ਫਿਰ ਸੂਰਜ ਨਾਰਾਇਣ ਦੀ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਕਿਸੇ ਭਾਂਡੇ ਵਿਚ ਘਿਉ ਤੇ ਸੋਨਾ ਪਾ ਕੇ ਆਪਣਾ ਰੂਪ ਵੇਖਿਆ ਜਾਂਦਾ ਹੈ। ਬਾਅਦ ਵਿਚ ਇਹ ਸੋਨਾ ਅਤੇ ਘਿਉ ਕਿਸੇ ਬ੍ਰਾਹਮਨ ਨੂੰ ਭੇਟ ਕੀਤਾ ਜਾਂਦਾ ਹੈ। ਇਸ ਵਰਤ ਨਾਲ ਸੁੰਦਰਤਾ, ਜਵਾਨੀ ਤੇ ਅਰੋਗਤਾ ਮਿਲਦੀ ਹੈ। ਇਹ ਵਰਤ ਵਧੇਰੇ ਕਰ ਕੇ ਜਵਾਨ ਤੀਵੀਆਂ ਰੱਖਦੀਆਂ ਹਨ।

ਤੇਜ਼ ਸੰਕਰਾਂਤੀ ਵਰਤ : ਇਸ ਵਰਤ ਵਿਚ, ਮਿੱਟੀ ਦੇ ਭਾਂਡੇ ਵਿਚ, ਕੁਝ ਚਾਵਲ ਤੇ ਲੱਡੂ ਰੱਖ ਕੇ ਅਤੇ ਮੱਧ ਵਿਚ ਦੀਪ ਬਾਲ ਕੇ ਦਾਨ ਵਜੋਂ ਦਿੱਤਾ ਜਾਂਦਾ ਹੈ। ਇਸ ਵਰਤ ਨਾਲ ਤੇਜ ਪ੍ਰਤਾਪ ਵਧਦਾ ਹੈ। ਜੇ ਦਾਨ ਦੇਂਦਿਆਂ ਦੀਵਾ ਬੁਝ ਜਾਵੇ ਤਾਂ ਅਸ਼ੁਭ ਹੈ।

ਅਸ਼ੋਕ ਸੰਕਰਾਂਤੀ ਵਰਤ : ਇਸ ਵਰਤ ਵਿਚ ਪਹਿਲਾਂ ਤਿਲਾਂ ਦਾ ਤੇਲ ਮਲ ਕੇ ਇਸ਼ਨਾਨ ਕੀਤਾ ਜਾਂਦਾ ਹੈ, ਫਿਰ ਸੂਰਜ ਦੀ ਸੋਨੇ ਦੀ ਮੂਰਤੀ ਨੂੰ ਲਾਲ ਕੱਪੜੇ ਵਿਚ ਵਲ੍ਹੇਟ ਕੇ ਤੇ ਕਿਸੇ ਤਾਂਬੇ ਦੇ ਭਾਂਡੇ ਵਿਚ ਰੱਖ ਕੇ ਪੂਜਿਆ ਜਾਂਦਾ ਹੈ। ਬਾਅਦ ਵਿਚ ਇਹ ਮੂਰਤੀ ਦਾਨ ਕਰ ਦਿੱਤੀ ਜਾਂਦੀ ਹੈ। ਇਸ ਵਰਤ ਨਾਲ ਦੀਰਘ ਆਯੂ, ਅਰੋਗਤਾ, ਤੇ ਐਸ਼ਵਰਜ ਦੇ ਨਾਲ ਨਾਲ ਸੰਤਾਨ ਦਾ ਸੁਖ ਵੀ ਮਿਲਦਾ ਹੈ।

ਖੀਰ ਸੰਕਰਾਂਤੀ ਵਰਤ : ਇਸ ਵਰਤ ਵਿਚ ਦੁਧ, ਦਹੀਂ ਜਾਂ ਘਿਉ ਦਾਨ ਵਜੋਂ ਦਿੱਤਾ ਜਾਂਦਾ ਹੈ। ਕਈ ਹਿੰਦੂ ਦੁਧ ਵਿਚ ਗਊ ਦੀ ਮੂਰਤੀ ਰੱਖ ਕੇ ਬ੍ਰਾਹਮਣ ਨੂੰ ਦਾਨ ਕਰਦੇ ਹਨ। ਇਸ ਨਾਲ ਘਰ ਵਿਚ ਖੁਸ਼ਹਾਲੀ ਵਧਦੀ ਹੈ। ਗਊ ਦੀ ਪੂਜਾ ਕਰਨ ਵਾਲੇ 'ਸਰਾਭੀ' ਇਸ ਵਰਤ ਨੂੰ ਆਮ ਰੱਖਦੇ ਹਨ।

ਕਈ ਹਿੰਦੂ ਉਪਰੋਕਤ ਸਾਰੇ ਵਰਤ ਕਰਮਵਾਰ ਹਰ ਸੰਗਰਾਂਦ ਨੂੰ ਰੱਖਦੇ ਹਨ। ਇਨ੍ਹਾਂ ਵਰਤਾਂ ਦੀ ਲੜੀ ਨੂੰ ਇਕ ਵਾਰ ਨਿਰਵਿਘਨ ਸਮਾਪਤ ਕਰਨ ਨਾਲ ਸੰਸਾਰ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਇਨ੍ਹਾਂ ਬਾਰ੍ਹਾਂ ਵਰਤਾਂ ਦਾ ਸਮੁੱਚਾ ਨਾਂ 'ਸੰਗਰਾਂਦ ਵਰਤਮਾਲਾ' ਹੈ।



Sri Satguru Jagjit Singh Ji eLibrary NamdhariElibrary@gmail.com

# ਜੇਸੀ ਓਵਨਜ਼ ਜੋ ਭੁਲਾਇਆਂ ਨਾ ਭੁਲੇ

—ਜਸਪਾਲ ਸ਼ੇਤਰਾ

ਗੱਲ ਪਚੰਵੰਜਾ ਸਾਲ ਪੁਰਾਣੀ ਹੈ। ੧੯੩੬ ਵਾਲੀਆਂ ਓਲੰਪਿਕ ਖੇਡਾਂ ਜਰਮਨੀ ਵਿਚ ਹੋ ਰਹੀਆਂ ਸਨ। ਇਹ ਸਮਾਂ ਜਰਮਨੀ ਵਿਚ ਫਾਸ਼ੀਵਾਦੀ ਰੁਚੀਆਂ ਦੇ ਪਨਪਣ ਦਾ ਸਮਾਂ ਸੀ। ਹਿਟਲਰਸ਼ਾਹੀ ਉਦੋਂ ਪੂਰੀ ਤਰ੍ਹਾਂ ਉਭਰ ਚੁੱਕੀ ਸੀ। ਹਿਟਲਰ ਇਹਨਾਂ ਓਲੰਪਿਕ ਖੇਡਾਂ ਨੂੰ ਆਪਣੇ ਸਿਆਸੀ ਮੰਤਵਾਂ ਲਈ ਵਰਤਣਾ ਚਾਹੁੰਦਾ ਸੀ। ਉਸ ਦੀ ਦਿਲੀ ਇੱਛਾ ਸੀ ਕਿ ੧੯੩੬ ਵਾਲੀਆਂ ਓਲੰਪਿਕ ਖੇਡਾਂ ਵਿਚ ਜਰਮਨ ਖਿਡਾਰੀ ਇਵੇਂ ਖੇਡ ਮੈਦਾਨ ਵਿਚ ਛਾ ਜਾਣ ਜਿਵੇਂ ਸਾਉਣ ਦੀ ਕਾਲੀ ਘਟ ਅਸਮਾਨ ਤੇ ਛਾ ਜਾਂਦੀ ਹੈ। ਹਿਟ-ਲਰ ਦੀ ਸੋਚ ਇਹ ਸੀ ਕਿ ੧੯੩੬ ਵਾਲੀਆਂ ਓਲੰਪਿਕ ਖੇਡਾਂ ਵਿਚ ਜੇ ਜਰਮਨ ਖਿਡਾਰੀ ਬਾਕੀ ਦੇਸ਼ਾਂ ਦੇ ਖਿਡਾਰੀਆਂ ਨੂੰ ਰੋਲ ਕੇ ਰੱਖ ਦੇਣ ਤਾਂ ਉਸ ਦੇ ਇਸ ਸਿਧਾਂਤ ਨੂੰ ਬੇਥਾਹ ਤਾਕਤ ਮਿਲੇਗੀ ਕਿ ਜਰਮਨ ਲੋਕ ਹੀ ਦੁਨੀਆਂ ਤੋਂ ਬੇਹਤਰ ਲੋਕ ਹਨ। ਉਹ ਇਕ ਮਾਰਸ਼ਲ ਕੌਮ ਦੇ ਬੰਦੇ ਹਨ ਅਤੇ ਦੁਨੀਆਂ ਉੱਤੇ ਰਾਜ ਕਰਨ ਲਈ ਪੈਦਾ ਹੋਏ ਹਨ। ਹਿਟਲਰ ਦੁਨੀਆਂ ਉੱਤੇ ਆਪਣਾ ਸਵਾਸਤਕ ਦੇ ਨਿਸ਼ਾਨ ਵਾਲਾ ਝੰਡਾ ਲਹਿਰਾਉਣਾ ਸੋਚਦਾ ਸੀ ਪਰ ਐਨ ਉਸ ਸਮੇਂ ਹਿਟਲਰ ਦੇ ਇਸ ਭਰਮ ਜਾਲ ਨੂੰ ਤੋੜਨ ਲਈ ਅਮਰੀਕਾ ਦਾ ਇਕ ਖਿਡਾਰੀ ਅੱਗੇ ਆਇਆ। ਇਸ ਖਿਡਾਰੀ ਦਾ ਨਾਂ ਸੀ ਜੈਸੀ ਓਵਨਜ।

੧੯੩੬ ਵਾਲੀਆਂ ਓਲੰਪਿਕਸ ਲਈ ਹਿਟਲਰ ਨੇ ਜਰਮਨ ਖਿਡਾਰੀਆਂ ਨੂੰ ਮਿਹਨਤ ਵੀ ਜੰਗੀ ਪੱਧਰ ਉੱਤੇ ਕਰਵਾਈ ਸੀ। ਖੇਡਾਂ ਸ਼ੁਰੂ ਹੋਈਆਂ। ਹਿਟਲਰ ਆਪ ਸਾਰਾ ਸਮਾਂ ਮੈਦਾਨ ਵਿਚ ਰਹਿਣ ਲਗਿਆ ਕਿਉਂਕਿ ਉਹ ਤਾਂ ਇਹਨਾਂ ਖੇਡਾਂ ਨੂੰ ਜੰਗ ਵਜੋਂ ਲੈ ਰਿਹਾ ਸੀ। ਪਰ ਜੈਸੀ ਓਵਨਜ਼ ਨੇ ਹਿਟਲਰ ਦੇ ਮਨਸੂਬਿਆਂ ਉੱਤੇ ਪਾਣੀ ਫੇਰਨ ਦਾ ਕੰਮ ਪਹਿਲੇ ਦਿਨ ਤੋਂ ਹੀ ਸ਼ੁਰੂ ਕਰ ਦਿੱਤਾ। ਜਿਉਂ-ਜਿਉਂ ਇਹਨਾਂ ਖੇਡਾਂ ਦੇ ਦਿਨ ਬੀਤਣ ਲੱਗੇ ਜੈਸੀ ਓਵਨਜ਼ ਵਲੋਂ ਜਿੱਤੇ ਸੋਣ ਤਮਗਿਆਂ ਦੀ ਲੜੀ ਲੰਮੀ ਹੋਣ ਲੱਗੀ। ਜੈਸੀ ਨੇ ਇਹਨਾਂ ਓਲੰਪਿਕ ਖੇਡਾਂ ਵਿਚੋਂ ਪੂਰੇ ਚਾਰ ਸੋਣ ਤਮਗੇ ਜਿੱਤੇ ਅਤੇ ਦੋ ਉਸ ਨੇ ਅਜਿਹੇ ਸੰਸਾਰ ਰਿਕਾਰਡ ਕਾਇਮ ਕੀਤੇ ਜਿਹੜੇ ਕਿ ਬਾਅਦ ਵਿਚ ਕਈ ਸਾਲਾਂ ਤਕ ਨਾ ਟੁੱਟ ਸਕੇ। ਜੈਸੀ ਓਵਨਜ਼ ਨੇ, ੧੦੦, ੨੦੦ ਮੀਟਰ ਦੌੜਾਂ, ਲੰਬੀ ਛਾਲ ਅਤੇ ੪ × ੧੦੦ ਮੀਟਰ ਰੀਲੇਅ ਦੌੜਾਂ ਵਿਚੋਂ ਸੋਣ ਤਮਗੇ ਜਿੱਤੇ। ਉਸ ਨੇ ਲੰਮੀ ਛਾਲ ਅਤੇ ੧੧੦ ਮੀਟਰ ਅੜਿਕਾ ਦੌੜ ਵਿਚ ਨਵੇਂ ਸੰਸਾਰ ਰਿਕਾਰਡ ਕਾਇਮ ਕੀਤੇ।

ਜਦੋਂ ੧੦੦ ਮੀਟਰ ਦੌੜ ਦਾ ਫਾਈਨਲ ਮੁਕਾਬਲਾ ਹੋਣ ਲਗਿਆ ਤਾਂ ਇਕ ਬੜੀ ਅਜੀਬ ਘਟਨਾ ਵਾਪਰੀ। ਹਿਟਲਰ ਨੂੰ ਆਸ ਸੀ ਕਿ ੧੦੦ ਮੀਟਰ ਦੌੜ ਵਿਚ ਜਰਮਨ ਦੌੜਾਕ ਜੈਸੀ ਓਵਨਜ਼ ਨੂੰ ਪਿਛੇ ਛੱਡ ਜਾਣਗੇ। ਉਹ ੧੦੦ ਮੀਟਰ ਦੌੜ ਦਾ ਫਾਈਨਲ ਦੇਖਣ ਲਈ ਉਚੇਚ ਨਾਲ ਸਟੇਡੀਅਮ ਪੁੱਜਿਆ। ਸੌ ਮੀਟਰ ਦੌੜ ਕੁਝ ਹੀ ਛਿਣਾਂ ਵਿਚ ਪੂਰੀ ਹੋ ਗਈ ਪਰ ਇਹੀ ਕੁਝ ਛਿਣ ਹਿਟਲਰ ਦਾ ਮਾਇਆ ਜਾਲ ਭੰਗ ਕਰ ਗਏ। ਜੇਸੀ ਓਵਨਜ਼ ਨੇ ਸਪੱਸ਼ਟ ਰੂਪ ਵਿਚ ਇਹ ਦੌੜ ਜਿੱਤ ਲਈ ਪਰ ਹੈਂਕੜਬਾਜ਼ ਹਿਟਲਰ ਇਹ ਸਹਾਰ ਨਾ ਸਕਿਆ। ਜਦੋਂ ਦੌੜ ਤੋਂ ਬਾਅਦ ਜੇਤੂਆਂ ਨੂੰ ਤਮਗੇ ਪਹਿਨਾਉਣ ਦੀ ਵਾਰੀ ਆਈ ਤਾਂ ਹਿਟਲਰ ਮੱਥੇ ਉਤੇ ਤਿਉੜੀਆਂ ਪਾ ਕੇ ਸਟੇਡੀਅਮ ਵਿਚੋਂ ਭਰਿਆ ਪੀਤਾ ਉੱਠ ਗਿਆ। ਇਹ ਉਹ ਕਿਵੇਂ ਨਿਗਲ ਸਕਦਾ ਸੀ ਕਿ ਉਸ ਨੂੰ ਇਕ ਕਾਲੇ ਵਿਅਕਤੀ ਜੈਸੀ ਨੂੰ ਸੋਨ ਤਮਗਾ ਪਹਿਨਾ ਕੇ ਉਸ ਨਾਲ ਹੱਥ ਮਿਲਾਉਣਾ ਪਵੇ।

ਇਸ ਤਰ੍ਹਾਂ ਹਿਟਲਰ ਦੇ ਨਾਪਾਕ ਸਿਧਾਂਤ ਨੂੰ ਖੇਡ ਮੈਦਾਨ ਵਿਚ ਜੈਸੀ ਨੇ ਸ਼ਿਕਸਤ ਦਿੱਤੀ ਭਾਵੇਂ ਕਿ ਹਿਟਲਰ ਦੀਆਂ ਫਾਸ਼ੀ ਰੁਚੀਆਂ ਉੱਤੇ ਦੁਨੀਆਂ ਨੇ ਬਾਅਦ ਵਿਚ ਦੂਜੀ ਸੰਸਾਰ ਜੰਗ ਵੇਲੇ ਜਿੱਤ ਹਾਸਲ ਕਰ ਲਈ ਪਰ ਨਿਰਸੰਦੇਹ ਹੀ ਉਸ ਦੇ ਜਰਮਨ ਕੌਮ ਦੇ ਸਰਵੁਚ ਹੋਣ ਦੇ ਸਿਧਾਂਤ ਨੂੰ ਖੋਖਲਾ ਸਿੱਧ ਕਰਨ ਵਿਚ ਪਹਿਲ ਜੈਸੀ ਨੇ ਹੀ ਕੀਤੀ ਸੀ।

ਇਸ ਮਹਾਨ ਦੌੜਾਕ ਨੇ ਹਿਟਲਰ ਦੇ ਮਨਸੂਬਿਆਂ ਨੂੰ ਹਰਾ ਕੇ ਅਮਰੀਕਾ ਦਾ ਨਾਂ ਭਾਵੇਂ ਉੱਚਾ ਕੀਤਾ ਪਰ ਅਮ-ਰੀਕੀ ਕੌਮ ਨੇ ਅੰਤ ਵਿਚ ਇਸ ਦੀ ਕਦਰ ਨਾ ਪਾਈ। ਅਮਰੀਕਾ ਦੇ ਇਸ ਦੌੜਾਕ ਦਾ ਅੰਤ ਬੜਾ ਹੀ ਦੁਖਦਾਈ ਰਿਹਾ।

ਜਿਵੇਂ ਕਿ ਸਾਡੇ ਇਕ ਕਹਾਣੀ ਪ੍ਰਚਲਤ ਹੈ ਕਿ ਸਾਨ੍ਹ ਅਤੇ ਭਲਵਾਨ ਦਾ ਅੰਤ ਮਾੜਾ ਹੀ ਹੁੰਦਾ ਹੈ ਇਸੇ ਤਰ੍ਹਾਂ ਕੁਝ ਜੈਸੀ ਨਾਲ ਹੋਈ। ਉਸ ਨੇ ਬੁਢੇ ਵਾਰੇ ਆਪਣਾ ਤੋਰੀ ਫੁਲਕਾ*



Sri Satguru Jagjit Singh Ji eLibrary NamdhariElibrary@gmail.com

# ਜਾਣਾ ਕ੍ਰਿਕਟ ਦਾ ਜਹੱਨਮ ਦੇ ਮੈਦਾਨ ਵਿਚ

ਲੇਖਕ—ਤ੍ਰਿਸ਼ੰਕੂ

"ਭਾਰਤ ਅਤੇ ਪਾਕਿਸਤਾਨ ਜਹੱਨਮ ਵਿਚ ਜਾ ਕੇ ਹੀ ਕ੍ਰਿਕਟ ਖੇਡਣ, ਮੈਂ ਭਾਰਤ ਦੀ ਧਰਤੀ ਤੇ ਉਹਨਾਂ ਨੂੰ ਮੈਚ ਨਹੀਂ ਖੇਡਣ ਦਿਆਂਗਾ।"

(ਸ਼ਿਵ ਸੈਨਾ ਦੇ ਮਹਾ ਸੈਨਾਪਤੀ ਸ੍ਰੀ ਬਾਲ ਠਾਕਰੇ)

ਜਹੱਨਮ ਵਿਚ ਅਜੇ ਸਵੇਰਾ ਹੀ ਹੈ ਪਰ ਸ਼ੈਤਾਨ ਕੁਝ ਕੁ ਕਾਗਜ਼ਾਂ ਵਾਲੀ ਇਕ ਫਾਈਲ ਦੇ ਪੜ੍ਹਨ ਵਿਚ ਬਹੁਤ ਰੁਝਿਆ ਹੋਇਆ ਹੈ। ਇਹ ਫ਼ਾਈਲ ਉਸ ਦੇ ਗੁਪਤਚਰ ਭਾਵ ਖ਼ੁਫੀਆ ਵਿਭਾਗ ਨੇ ਤਿਆਰ ਕੀਤੀ ਹੈ।

ਜਿਉਂ ਹੀ ਸ਼ੈਤਾਨ ਉਸ ਰਿਪੋਰਟ ਦੇ ਇਕ ਖ਼ਾਸ ਭਾਗ ਤੇ ਪੁਜਦਾ ਹੈ ਤਾਂ ਉਹ ਭੜਕ ਉਠਦਾ ਹੈ ਅਤੇ ਇਸ ਨੂੰ ਬਹੁਤ ਧਿਆਨ ਦੇ ਨਾਲ ਦੋਬਾਰਾ ਪੜ੍ਹਦਾ ਹੈ। ਉਹ ਆਪਣੇ ਮੇਜ਼ ਤੇ ਰੱਖੇ ਟੈਲੀਫੂਨ ਦਾ ਚੋਂਗਾ ਚੁਕਦਾ ਹੈ, ਇਕ ਨੰਬਰ ਡਾਇਲ ਕਰਦਾ ਹੈ ਅਤੇ ਆਪਣੇ ਸਕੱਤਰ ਨੂੰ ਹੁਕਮ ਦੇਂਦਾ ਹੈ। "ਦੋ ਘੰਟੇ ਤਕ ਮੰਤਰੀ ਮੰਡਲ ਦੀ ਮੀਟਿੰਗ ਸੱਦੋ, ਐਮਰਜੈਂਸੀ ਮੀਟਿੰਗ ਹੈ ਇਹ।"

---

*ਚਲਾਉਣਾ ਲਈ ਘੋੜਿਆਂ ਤਕ ਨਾਲ ਦੌੜਨਾ ਪਿਆ। ਉਸ ਦੀ ਘੋੜਿਆਂ ਨਾਲ ਦੌੜ ਤੋਂ ਖੁਸ਼ ਹੋ ਕੇ ਅਮਰੀਕਾ ਦੇ ਅਮੀਰਜ਼ਾਦੇ ਉਸ ਨੂੰ ਕੁਝ ਛਿਲੜਾਂ ਭੇਟ ਕਰਦੇ ਸਨ। ਇਸ ਤਰ੍ਹਾਂ ਅੰਤ ਤਕ ਆਪਣੇ ਜੀਵਨ ਨਾਲ ਸੰਘਰਸ਼ ਕਰਦਿਆਂ ਜੈਸੀ ਨੇ ਅੱਖਾਂ ਮੀਟੀਆਂ। ਜੈਸੀ ਦੀਆਂ ਜਿੱਤਾਂ ਦੀ ਇਤਿਹਾਸਕ ਮਹੱਤਤਾ ਹੈ। ਉਸ ਦੀਆਂ ਜਿੱਤਾਂ ਮਹਿਜ਼ ਖੇਡ ਮੈਦਾਨ ਤੱਕ ਹੀ ਸੀਮਤ ਨਹੀਂ ਸਗੋਂ ਇਹਨਾਂ ਦਾ ਪਰਿਪੇਖ ਖੇਡ ਮੈਦਾਨ ਤੋਂ ਬਾਹਰ ਵੀ ਹੈ ਕਿਉਂਕਿ ਉਸ ਨੇ ਇਹ ਜਿੱਤਾਂ ਇਤਿਹਾਸ ਦੇ ਐਸੇ ਮੋੜ ਉੱਤੇ ਹਾਸਲ ਕੀਤੀਆਂ ਕਿ ਇਹਨਾਂ ਦੇ ਅਰਥ ਬਹੁਤ ਵਿਸ਼ਾਲ ਹੋ ਜਾਂਦੇ ਹਨ। ਦੁਖ ਦੀ ਗੱਲ ਇਹ ਹੈ ਕਿ ਅਮਰੀਕਾ ਨੇ ਜੈਸੀ ਨੂੰ ਲਗਪਗ ਭੁਲਾ ਹੀ ਦਿੱਤਾ ਹੈ। ਉਹਨਾਂ ਆਪਣੇ ਕੌਮੀ ਹੀਰੋ ਨੂੰ ਜਿਉਂਦੇ ਜੀਅ ਹੀ ਜਾਨਵਰਾਂ ਨਾਲ ਦੌੜਨ ਲਈ ਮਜਬੂਰ ਕਰ ਦਿੱਤਾ ਸੀ।

ਦੁਨੀਆਂ ਨੂੰ ਤਾਂ ਜੈਸੀ ਯਾਦ ਹੈ ਕਿਉਂਕਿ ਉਹ ਕਿਸੇ ਇਕ ਖਾਸ ਕੌਮ, ਨਸਲ, ਮਜ਼ਹਬ ਜਾਂ ਭਾਈਚਾਰੇ ਦੀਆਂ ਸ਼ਾਵਨਵਾਦੀ ਰੁੱਚੀਆਂ ਉੱਤੇ ਆਮ ਆਦਮੀ ਦੀ ਜਿੱਤ ਦਾ ਪ੍ਰਤੀਕ ਹੈ।

---

ਮੰਤ੍ਰੀ ਮੰਡਲ ਦੀ ਮੀਟਿੰਗ ਬਹੁਤ ਹੀ ਸਖ਼ਤ ਸਕਿਉਰਟੀ ਪਰਬੰਧਾਂ ਅਧੀਨ ਹੁੰਦੀ ਹੈ ਕਿਉਂ ਜੋ ਉਥੇ ਵੀ ਅਤਿਵਾਦ ਦੀ ਦਹਿਸ਼ਤ ਹੈ। ਮੀਟਿੰਗ ਦੀ ਪਰਧਾਨਗੀ ਸ਼ੈਤਾਨ ਕਰਦਾ ਹੈ ਅਤੇ ਕਾਰਵਾਈ ਇਸ ਪਰਕਾਰ ਹੈ।

**ਸ਼ੈਤਾਨ**—ਮੈਂ ਰਿਪੋਰਟ ਨੂੰ ਦੇਖ ਚੁੱਕਾ ਹਾਂ। ਇਹ ਜੇਹੜਾ ਬਾਲ ਥੈਕਰੇ ਦਾ ਸੁਝਾ ਹੈ ਕਿ ਕ੍ਰਿਕਟ ਦਾ ਇਕ ਮੈਚ ਏਥੇ ਜਹੱਨਮ ਵਿਚ ਖੇਡਿਆ ਜਾਵੇ ਇਸ ਦੀ ਕੋਈ ਸਮਝ ਨਹੀਂ ਪੈ ਰਹੀ, ਇਸ ਤੋਂ ਕੋਈ ਕੀ ਸਮਝੇ? ਇਹ ਬੰਦਾ ਹੈ ਕੌਣ ਅਤੇ ਇਹ ਕਹਿ ਕੀ ਰਿਹਾ ਹੈ?

**ਗ੍ਰਿਹ ਮੰਤ੍ਰੀ**—ਇਹ ਆਪਣਾ ਹੀ ਇਕ ਚਹੇਤਾ ਬੰਦਾ ਹੈ ਜਨਾਬ। ਸਗੋਂ ਅਸੀਂ ਤਾਂ ਉਸ ਲਈ ਬਹੁਤ-ਬਹੁਤ ਆਦਰਮਾਣ ਰੱਖਦੇ ਹਾਂ। ਜਨਾਬ ਵੀ ਉਸਨੂੰ ਬਹੁਤ ਪਸੰਦ ਕਰੋਗੇ। ਇਸ ਕ੍ਰਿਕਟ ਮੈਚ ਬਾਰੇ ਚੋਖਾ ਉਲਝਣ ਵਿਚ ਅਤੇ ਬੋਖਲਾਇਆ ਹੋਇਆ ਹੈ।

**ਸ਼ੈਤਾਨ**—ਇਹ ਕ੍ਰਿਕਟ ਚੀਜ਼ ਕੀ ਹੈ? ਜਾਪਦਾ ਹੈ ਕਿ ਇਸ ਨਾਲ ਸਾਡੇ ਏਥੇ ਦੇ ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਜਿਹਾ ਦਿੱਤਾ ਹੈ।

**ਸਭਿਆਚਾਰਕ ਮਾਮਲਿਆਂ ਬਾਰੇ ਮੰਤ੍ਰੀ**—ਇਹ ਇਕ ਪਰਕਾਰ ਦੀ ਖੇਡ ਹੈ ਜਨਾਬ। ਸਾਡੇ ਉਪਰਲੇ ਸੰਸਾਰ ਦੀ ਅੱਧੀਂ ਵਸੋਂ ਇਹ ਖੇਡ ਖੇਡਦੀ ਹੈ ਜੀ। ਪਰ ਭਾਰਤ ਅਤੇ ਪਾਕਿਸਤਾਨ ਦੇ ਮਾਮਲੇ ਵਿਚ ਇਹ ਖੇਡ ਨਾਲੋਂ ਕੁਝ ਵਧੇਰੇ ਹੀ ਹੈ, ਇਹ ਉਹਨਾਂ ਵਿਚ ਢੇਰ ਸਾਰਾ ਖਿਚਾਉ, ਗੁੱਸਾ ਆਦਿ ਉਪਜਾਂਦੀ ਹੈ।

**ਸ਼ੈਤਾਨ**—ਤਦ ਫੇਰ ਇਹ ਸਾਡੇ ਏਥੇ ਕਿਉਂ ਨਹੀਂ ਹੈ? ਮੈਂ ਤਾਂ ਏਥੇ ਬੰਦਿਆਂ ਨੂੰ ਤੇਲ ਵਿਚ ਉਬਲਦੇ ਅਤੇ ਜੀਦਿਆਂ ਨੂੰ ਭੁੰਨੇ ਜਾਂਦੇ ਦੇਖ ਦੇਖ ਕੇ ਬੋਰ ਹੋ ਗਿਆ ਹਾਂ। ਕ੍ਰਿਕਟ ਨਾਲ ਸਾਨੂੰ ਕੁਝ ਵੱਖਰੀ ਗੱਲ ਅਤੇ ਨਵੀਂ ਚੀਜ ਦੇਖਣ ਨੂੰ ਮਿਲੇਗੀ। ਪਰ ਇਹ ਥੈਕਰੇ ਜਹੇ ਕਿਉਂ ਚਾਹ ਰਹੇ ਹਨ ਕਿ ਇਹ ਖੇਡ ਸਾਡੇ ਏਥੇ ਖੇਡੀ ਜਾਵੇ? ਕੀ ਮਾਨਸ ਨਾਲ ਸਾਡੀ ਕੋਈ ਸੰਧੀ ਹੈ ਇਸ ਬਾਰੇ?

**ਬਦੇਸ਼ ਮੰਤ੍ਰੀ**—ਇਸ ਬਾਰੇ ਅਸੀਂ ਪੜਤਾਲ ਕਰ ਰਹੇ ਹਾਂ ਜਨਾਬ/ਜਿਥੋਂ ਤੀਕ ਮੈਨੂੰ ਪਤਾ ਹੈ ਉਹ ਕੇਵਲ ਤਸਦੀਕ ਸ਼ੁਦਾ ਅਤੇ ਪੱਕੇ ਗੁਨਾਹਗਾਰਾਂ ਨੂੰ ਹੀ ਏਥੇ ਭੇਜ ਸਕਦੇ ਹਨ।


Sri Satguru Jagjit Singh Ji eLibrary NamdhariElibrary@gmail.com

ਜਿਥੋਂ ਤੱਕ ਇਸ ਖੇਡ ਕ੍ਰਿਕਟ ਦਾ ਸੰਬੰਧ ਹੈ ਇਸ ਬਾਰੇ ਮੰਤ੍ਰਾਲੇ ਵਿਚ ਕਿਸੇ ਨੂੰ ਕੁਝ ਪਤਾ ਨਹੀਂ ਹੈ।

**ਸ਼ੈਤਾਨ**—ਇਸ ਬਾਰੇ ਮੈਨੂੰ ਸੰਦੇਹ ਹੈ। ਸਾਡੀਆਂ ਗੁਪਤਚਰ ਰਿਪੋਰਟਾਂ ਅਨੁਸਾਰ, ਭਾਰਤ ਦੇ ਬਹੁਤ ਸਾਰੇ ਭਾਗ......ਮੇਰਾ ਮਤਲਬ ਹੈ ਪੰਜਾਬ, ਕਸ਼ਮੀਰ, ਆਸਾਮ ਆਦਿ ਪਹਿਲਾਂ ਹੀ ਜਹਨਮ ਨਾਲ ਮਿਲਦੇ ਜੁਲਦੇ ਹੀ ਹਨ। ਠਾਕਰੇ ਉਹਨਾਂ ਥਾਵਾਂ ਤੇ ਕ੍ਰਿਕਟ ਖੇਡੇ ਜਾਣ ਦਾ ਸੁਝਾ ਕਿਉਂ ਨਹੀਂ ਦੇਂਦਾ?

**ਸਭਿਆਚਾਰਕ ਮਸਲਿਆਂ ਬਾਰੇ ਮੰਤ੍ਰੀ**—ਹੋ ਸਕਦਾ ਹੈ ਕਿ ਉਹ ਅਸਲ ਵਿਚ ਹੀ ਯਕੀਨ ਰੱਖਦਾ ਹੋਵੇ ਜਨਾਬ। ਇਸ ਲਈ ਅਸਲੀ ਜਹੱਨਮ ਵਿਚ ਹੀ ਮੈਚ ਖੇਡੇ ਜਾਣ ਨੂੰ ਪਹਿਲ ਦਿੰਦਾ ਹੋਵੇ। ਨਕਲੀ ਜਹੱਨਮ ਉਸ ਨੂੰ ਨਾਂ ਜਚਦੇ ਹੋਣ। ਹਕੀਕਤ ਤਾਂ ਇਹ ਹੈ, ਸਾਡੀਆਂ ਖੂਫੀਆ ਰਿਪੋਰਟਾਂ ਦੱਸਦੀਆਂ ਹਨ, ਕਿ ਉਹ ਆਪਣੇ ਪ੍ਰਾਂਤ ਮਹਾਂ-ਰਾਸ਼ਟਰ ਨੂੰ ਵੀ ਜਹੱਨਮ ਵਰਗਾ ਬਣਾ ਦੇਣ ਦੀ ਸਿਰ ਤੋੜ ਕੋਸ਼ਿਸ਼ ਕਰ ਰਿਹਾ ਹੈ।

**ਸ਼ੈਤਾਨ**—ਇਹ ਤਾਂ ਵਹੁਤ ਵਧੀਆ ਗੱਲ ਹੈ। ਸਾਨੂੰ ਇਹੋ ਜਿਹੇ ਬੰਦਿਆਂ ਦੀ ਲੋੜ ਹੈ, ਸਮਾ ਆਣ ਤੇ ਅਸੀਂ ਉਸ ਦਾ ਏਥੇ ਸੁਵਾਗਤ ਕਰਾਂਗੇ। ਪਰ ਕ੍ਰਿਕਟ ਮੈਚ ਦਾ ਕੀ ਬਣੇ?

**ਗੁਪਤਚਰ ਵਿਭਾਗ ਦਾ ਮੁੱਖੀ**—ਜਨਾਬ ਅਸੀਂ ਇਸ ਖੇਡ ਬਾਰੇ ਪੂਰੀ ਪੜਤਾਲ ਕਰ ਚੁੱਕੇ ਹਾਂ। ਇਹ ਭਾਵੇਂ ਇਕ ਖੇਡ ਹੀ ਹੈ ਪਰ ਜਿਥੋਂ ਤੀਕ ਭਾਰਤ ਅਤੇ ਪਾਕਿਸਤਾਨ ਦਾ ਸੰਬੰਧ ਹੈ, ਇੰਝ ਜਾਪਦਾ ਹੈ ਕਿ ਇਸ ਨਾਲ ਸਾਰੀਆਂ ਹੀ ਨੀਚ ਰੁਚੀਆਂ ਵਿਕਸਤ ਹੁੰਦੀਆਂ ਹਨ—ਲਾਲਚ, ਅਸਹਿਣਸ਼ੀਲਤਾ, ਸਵੈ ਪਰਸਿਧੀ ਦਾ ਝੱਲ, ਅਤੇ ਹੁਣ ਫ਼ਿਰਕੂ ਭਾਵਨਾਵਾਂ। ਮੇਰੇ ਵਿਚਾਰ ਵਿਚ ਇਹ ਖੇਡ ਸਾਡੇ ਏਥੇ ਨਹੀਂ ਖੇਡੀ ਜਾਣ ਦਿੱਤੀ ਚਾਹੀਦੀ।

**ਸ਼ੈਤਾਨ**—ਵਾਹੀਆਤ। ਤੂੰ ਤਾਂ ਇੰਝ ਗੱਲ ਕਰ ਰਿਹਾ ਹੈਂ ਜਿਵੇਂ ਤੂੰ ਉਸ ਨਫ਼ਰਤਯੋਗ ਥਾਂ ਬਹਿਸ਼ਤ ਲਈ ਸਹਿਕ ਰਿਹਾ ਹੋਵੇ। ਇਹ ਸਭ ਰੁਚੀਆਂ ਸਾਡੇ ਏਥੇ ਹੋਣ ਤਾਂ ਸਾਨੂੰ ਖੁਸ਼ੀ ਹੋਵੇਗੀ। ਮੈਂ ਸਮਝਦਾ ਹੈ ਕਿ, ਜਿਵੇਂ ਠਾਕਰੇ ਨੇ ਸੁਝਾ ਦਿੱਤਾ ਹੈ, ਸਾਨੂੰ ਕ੍ਰਿਕਟ ਮੈਚ ਆਪਣੇ ਏਥੇ ਕਰਵਾਣੇ ਚਾਹੀਦੇ ਹਨ—ਪਰ ਇਕ ਸ਼ਰਤ ਤੇ......।

**ਗ੍ਰਿਹ ਮੰਤ੍ਰੀ**—ਉਹ ਕੇਹੜੀ ਜਨਾਬ?

**ਸ਼ੈਤਾਨ**—ਉਹ ਇਹ ਕਿ ਮੈਚਾਂ ਦਾ ਸਾਰਾ ਪਰਬੰਧ ਕਰਨ ਦੇ ਲਈ ਉਹ ਆਪ ਟੀਮਾਂ ਦੇ ਨਾਲ ਆਵੇ। ਮੈਂ ਉਸ ਦੇ ਨਾਲ ਵਾਹ ਪਾਏ ਜਾਣ ਦੇ ਲਈ ਬਹੁਤ ਤਾਂਘ ਰੱਖਦਾ ਹਾਂ ਅਤੇ ਜੇਕਰ ਉਹ ਮੇਰੀਆਂ ਆਸਾਂ ਉਮੀਦਾਂ ਤੇ ਪਰਾ ਉਤਰਦਾ ਹੈ ਤਾਂ ਮੈਂ ਉਸਨੂੰ ਆਪਣੇ ਉਚਤਮ ਸਨਮਾਨ "ਸ਼ੈਤਾਨ ਰਤਨ" ਨਾਲ ਸਨਮਾਨਤ ਕਰਾਂਗਾ।

4 ਨਵੰਬਰ ਦੇ ਟ੍ਰਿਬਿਊਨ 'ਚ ਧਨਵਾਦ ਸਹਿਤ
ਪੰਜਾਬੀ ਰੂਪ—ਸੁਰਜੀਤ ਖ਼ੁਰਸੀਦੀ
ਸ੍ਰੀ ਭੈਣੀ ਸਾਹਿਬ ਲੁਧਿਆਣਾ


JANTA
HYDRAULIC PRESSES

JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574
MFRS. OF:
HYDRAULIC PRESSES FOR THE USE OF
● RUBBER MOULDING
● CONVEYOR & TRANSMISSION BELTING
● PLYWOOD HOT PRESSES
● DEEP DRAWING
● CLUTCH FACING & BRAKE LINING



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।
Manufacturers of:-


* SONY
* EAGLE
* VIZLA
PRESSURE COOKERS
Phone: 5417155
N.J. INDUSTRIES
F-99, Bali Nagar, New Delhi-110015
Narender Singh Prop.




Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼, ਡਾਲਟੰਨ ਗੰਜ (ਬਿਹਾਰ)

# Namdhari Brothers

DALTON GANJ (Bihar)

Prop. : S. AJIT SINGH NAMDHARI


GOLD STAR

HOME ELECTRICAL APPLIANCES

SUPERB TECHNOLOGY
STAR PERFORMANCE



Sole Distributors :

TELEVISION SERVICE CENTRE (REGD.)

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star : 7227095

Telex - 31-79088 IEC IN
Grams : HOUSE QUEEN



ALWAYS INSIST UPON MEX




SWITCHGEARS &
MOTOR STARTERS
FOR PERFECT AND
TROUBLE-FREE
PERFORMANCE




MEX SWITCHGEARS PVT. LTD
REGD OFFICE 9TH KILOMETER, PATHANKOT ROAD, JALANDHAR
PHONES 72116, 76572, 72118

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Phones
Office : 529033
Factory : 501973
Resi. : 536093

# BALWANT SINGH & SONS

Office: 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064


Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
" : 2510345
Resi. : 6845441

# Namdhari Agencies

**2/2068 CHAH ANDARA, (Behind Jubilee Cinema)**
**CHANDNI CHOWK, DELHI-110006.**



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM NOVEMBER 1991
Ladowali Rd, Jalandhar-144001.
Registered with the Registrar of News Papers for India No. 26453/75


# SHANGRI-LA-PALACE OFFERS YOU

24 Hrs. Room Service, Bedside Telephone,

Lift for All Floors, Tour Travel & Ticketing Facility,

3 Channel TV/VIDEO - Laundry & Dry Cleaning

24 hrs. Taxi Service

- ਵਿਦੇਸ਼ਾਂ ਤੋਂ ਭਾਰਤ ਆਉਣ ਵਾਲਿਆਂ ਦੇ ਠਹਿਰਣ ਵਾਸਤੇ ਬਹੁਤ ਯੋਗ ਸਥਾਨ ਹੈ।
- ਸੋਧੀ ਵਿਅਕਤੀਆਂ ਵਾਸਤੇ ਖੂਹ ਦੇ ਜਲ ਅਤੇ ਲੰਗਰ ਵਾਸਤੇ ਵਿਸ਼ੇਸ਼ ਪਰਬੰਧ ਹੈ।
- ਏ.ਸੀ. ਤੇ ਨਾਨ ਏ.ਸੀ. ਕਮਰੇ ਅਤੇ ਹੋਰ ਸਭ ਸਹੂਲਤਾਂ।

**A.C. & Non A.C. Single Bed, Double Bed, Delux Rooms & Maharaja Suits Available.**

*A Place of Royal Luxury*

# Hotel Shangri-La-Palace

**(A Unit of Royal Estate Pvt. Ltd.)**

11A/27, W.E.A., (Opp. Channa Market Taxi Stand)

**Karol Bagh, NEW DELHI-110005 (INDIA)**

**Tel. : 5752699, 5752586, 5729449, 5725693**


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Sri Satguru Jagjit Singh Ji eLibrary NamdhariElibrary@gmail.com